# ਅੰਮ੍ਰਿਤ ਕੀਰਤਨ

ਜਨਵਰੀ 2007

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ
ਅੰਕ 1 ◆ ਸਾਲ ਉਨ੍ਹੀਵਾਂ ◆ ਜਨਵਰੀ



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.

▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-2713915, 093161 36268

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com



| | |
|---|---|
| **ਮਿਤ੍ਰ ਅਸਾਡੜੇ ਸੇਈ**<br>*ਪਾਠਕਾਂ ਦੇ ਪੱਤਰ* | 2 |
| **ਕਰਉ ਬੇਨੰਤੀਆ**<br>*ਸੰਪਾਦਕੀ* | 3 |
| **ਕੀਰਤਨ - ਕੂਕੇ - ਕੁਰਬਾਨੀਆਂ**<br>*ਕਰਤਾਰ ਸਿੰਘ ਨੀਲਧਾਰੀ* | 4 |
| **ਰਾਗ ਵਿਵਰਨ – ਰਾਗ ਤਿਲੰਗ**<br>*ਪ੍ਰੋ: ਕਰਤਾਰ ਸਿੰਘ* | 7 |
| **ਪ੍ਰਮੇਸ਼ਰ ਰਾਗ ਦਾ ਰੂਪ ਹੈ**<br>*ਕਰਮ ਸਿੰਘ ਰਤਨ* | 9 |
| **ਸ. ਮਹਿੰਦਰ ਸਿੰਘ ਬਿੰਦਰਾ ਦਾ ਅਨਮੋਲ ਖ਼ਜ਼ਾਨਾ**<br>*ਮਹਿੰਦਰ ਸਿੰਘ ਬਿੰਦਰਾ* | 13 |
| **ਸਾਡੇ ਕੀਰਤਨੀਏ**<br>*ਮੰਗਤ ਸਿੰਘ ਮਸਤਾਨਾ* | 16 |
| **NRIs Chipping in to save youths**<br>*Gur Kirpal Singh Ashk* | 17 |
| **ਗੁਰਮਤਿ ਸੰਗੀਤ ਦੀ ਪੁਰਾਤਨ ਪਰੰਪਰਾ ਦੇ ਅਲੰਬਰਦਾਰ** | 18 |
| **ਵਿਸ਼ਵ ਸੰਗੀਤਕਾਰ** | 20 |
| **ਸੁਰ ਲਿਪੀ**<br>*ਹਰਦੀਪ ਕੌਰ* | 21 |
| **ਸੁਰ ਲਿਪੀ ਵਾਲੇ ਸ਼ਬਦ ਦੇ ਅਰਥ**<br>*ਹਰਦੀਪ ਕੌਰ* | 23 |
| **ਸੰਗੀਤ ਲਿਪੀ ਚਿੰਨ੍ਹ** | 24 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼**, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 98145 25351

# ਮਿਤ੍ਰ ਅਸਾਡੜੇ ਸੇਈ

♦ Reference ਲੇਖ "ਪ੍ਰਤੀਕਰਮ" by ਕਰਮ ਸਿੰਘ ਰਤਨ ਅੰਮ੍ਰਿਤ ਕੀਤਰਨ ਅੰਕ ਨਵੰਬਰ 2006 ਬਾਹਰਲੀਆਂ ਧੁਨਾਂ ਤੇ ਕੀਰਤਨ ਗਾਇਨ ਕਰਨਾ - ਜੇਕਰ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਦੇ ਹਾਂ ਤਾਂ ਗੁਰੂ ਵਲੋਂ ਦਰਸਾਈਆਂ ਧੁਨਾਂ ਅਤੇ ਰਾਗਾਂ ਵਿਚ ਹੀ ਕੀਰਤਨ ਕਰਨਾ ਸੋਭਦਾ ਹੈ। ਇਹ ਕਹਿਣਾ ਕਿ ਕਿਉਂਕਿ ਗੁਰੂ ਸਾਹਿਬ ਨੇ ਬਾਹਰਲੀਆਂ ਧੁਨ ਜਾਂ ਉਸ ਸਮੇਂ ਦੀਆਂ ਮਸ਼ਹੂਰ ਧੁਨਾਂ ਦੇ ਕੀਰਤਨ ਦੀ ਹਦਾਇਤ ਕੀਤੀ ਹੈ ਇਸ ਲਈ ਅਸੀਂ ਵੀ ਮਸ਼ਹੂਰ ਫਿਲਮੀ ਧੁਨਾਂ ਤੇ ਕੀਰਤਨ ਕਰੀਏ ਤਾਂ ਕੋਈ ਕੋਤਾਹੀ ਨਹੀਂ, ਮੈਂ ਇਸ ਗੱਲ ਨਾਲ ਸਹਿਮਤ ਨਹੀਂ ਤੇ ਇਹ ਕਰਨ ਨਾਲ ਸੰਗਤ ਨੂੰ ਗਲਤ ਸੁਨੇਹਾ ਜਾਂਦਾ ਹੈ।

ਸ. ਕਰਮ ਸਿੰਘ ਰਤਨ ਦਾ ਕਹਿਣਾ ਕਿ ਮਸਕੀਨ ਸਾਹਿਬ ਨੂੰ ਸਮੇਂ ਦੀਆਂ ਪ੍ਰਚਲਤ ਧੁਨਾਂ ਤੇ ਕੀਰਤਨ ਪਸੰਦ ਸੀ ਇਹ ਵੀ ਕੋਈ ਸੱਚਾਈ ਨਹੀਂ ਜਾਪਦੀ। ਕਿਉਂਕਿ ਜਿਹੜਾ ਆਦਮੀ ਆਪਣੀ ਸਾਰੀ ਜ਼ਿੰਦਗੀ ਗੁਰਬਾਣੀ ਕਥਾ ਨਾਲ ਜੁੜਿਆ ਰਿਹਾ ਉਹ ਕਦੇ ਵੀ ਮਨਮਤ ਵਾਲੀ ਗੱਲ ਨਹੀਂ ਕਰ ਸਕਦਾ। ਕਿਉਂਕਿ ਮਸਕੀਨ ਜੀ ਤਾਂ ਇਸ ਜਗ ਵਿਚ ਨਹੀਂ ਹਨ ਇਸ ਲਈ ਉਨ੍ਹਾਂ ਦਾ ਸਹਾਰਾ ਲੈ ਕੇ ਕਿਸੇ ਗੱਲ ਨੂੰ ਸਿੱਧ ਕਰਨ ਦੀ ਕੋਸ਼ਿਸ਼ ਕਰਨੀ ਉਨ੍ਹਾਂ ਨਾਲ ਬੇਇਨਸਾਫ਼ੀ ਹੈ।

ਕੀਰਤਨ ਸਿਰਫ਼ ਤੇ ਸਿਰਫ਼ ਨਿਰਧਾਰਤ ਰਾਗਾਂ ਤੇ ਗੁਰੂ ਸਾਹਿਬ ਵਾਲੀਆਂ ਦਰਸਾਈਆਂ ਧੁਨਾਂ ਦੇ ਅਧਾਰਤ ਹੀ ਹੋਣਾ ਚਾਹੀਦਾ ਹੈ ਨਾ ਕਿ ਫਿਲਮੀ ਧੁਨਾਂ ਤੇ ਜਿਸ ਨਾਲ ਜ਼ਿਆਦਾ ਧਿਆਨ ਫਿਲਮੀ ਗਾਣੇ ਵੱਲ ਤੇ ਘੱਟ ਗੁਰਬਾਣੀ ਵੱਲ ਕੇਂਦ੍ਰਿਤ ਹੁੰਦਾ ਹੈ। ਕੀਰਤਨੀਆਂ ਨੂੰ ਵੱਧ ਤੋਂ ਵੱਧ ਸ਼ਬਦ ਯਾਦ ਹੋਣੇ ਚਾਹੀਦੇ ਹਨ ਤੇ ਰਿਆਜ਼ ਵੀ ਵਧ ਹੋਣਾ ਚਾਹੀਦਾ ਹੈ ਤਾਂ ਕਿ ਸ਼ੁਧ ਬਾਣੀ ਠੀਕ ਢੰਗ ਨਾਲ ਸੰਗਤ ਤੱਕ ਪਹੁੰਚੇ। ਇਕੋ ਹੀ ਸ਼ਬਦ ਵਾਰ ਵਾਰ ਸੁਣਨ ਨਾਲ ਧਿਆਨ ਗੁਰਬਾਣੀ ਤੋਂ ਉਠ ਕੇ ਕਿਤੇ ਹੋਰ ਹੀ ਲੱਗ ਜਾਂਦਾ ਹੈ।

ਰਾਗੀ ਸਿੰਘ ਦੀ ਭੇਟਾ ਬਾਰੇ ਇਹ ਤਾਂ ਜ਼ਰੂਰੀ ਹੈ ਕਿ ਭੇਟਾ Reasonable ਤੇ Respectable ਹੋਣੀ ਚਾਹੀਦੀ ਹੈ ਕਿਉਂਕਿ ਅੱਜ ਦੇ ਜ਼ਮਾਨੇ ਵਿਚ ਨਿਰਬਾਹ ਲਈ ਹਰ ਕਿਸੇ ਨੂੰ ਪੈਸੇ ਦੀ ਜ਼ਰੂਰਤ ਹੈ। ਪੇਸ਼ਾ ਭਾਵੇਂ ਕੀਰਤਨ ਦਾ ਹੀ ਹੋਵੇ। ਇਹ ਮਸਲਾ ਗੰਭੀਰਤਾ ਨਾਲ ਵਿਚਾਰਨਾ ਚਾਹੀਦਾ ਹੈ। ਤਾਂ ਕਿ ਅਗਲੀ ਪੀੜ੍ਹੀ ਦੇ ਨੌਜਵਾਨ ਕੀਰਤਨ ਨੂੰ ਆਪਣਾ ਕਿੱਤਾ ਬਣਾਉਣ ਵਿਚ ਫ਼ਖ਼ਰ ਮਹਿਸੂਸ ਕਰਨ।

*ਸੁਰਿੰਦਰ ਕੌਰ*
*ਓਰਥੋਪੈਡਿਕ ਸੈਂਟਰ ਅਤੇ ਜਨਰਲ ਹਸਪਤਾਲ,*
*ਗੁਮਟਲਾ ਬਾਈਪਾਸ ਅੰਮ੍ਰਿਤਸਰ*

♦ ਅਸਾਂ ਨੂੰ ਡਾਢੀ ਦੇਰ ਹੋਈ, ਹਾਜ਼ਰੀਆਂ ਭਰਨ ਵਿਚ। ਅਸੀਂ ਨਿਮਾਣੇ ਨਾ ਪ੍ਰਵਾਨ। ਸਾਡੀ ਖੁਸ਼ਕਿਸਮਤੀ ਹੋਵੇਗੀ। ਨਜ਼ਰ ਸੁਵੱਲੀ ਰਖਣੀ। ਤੁੱਛ ਜਿਹੀ ਭੇਟਾ ਚੈਕ ਨੰ: 854700 ਮਿਤੀ 12-12-06 ਮਨਜ਼ੂਰ ਹੋਵੇ। ਨਵੇਂ ਸਾਲ ਦੀਆਂ ਮੁਬਾਰਕਾਂ ਦੇ ਨਾਲ।

ਇਕ ਅਰਜ਼ ਹੈ ਡਾਕਟਰ ਸਾਹਿਬ, ਰਾਗ ਸਿੰਧੜਾ (ਸਿੰਧਰਾ) ਬਾਰੇ ਕੋਈ ਮਜ਼ਮੂਨ ਅੰਮ੍ਰਿਤ ਕੀਤਰਨ ਵਿਚ ਪ੍ਰਕਾਸ਼ਮਾਨ ਕਰਨ ਦੀ ਖੇਚਲ ਕਰਨੀ ਜੀ। ਭਾਵੇਂ ਨਜ਼ਰ ਤੇ ਸਰੀਰ ਬੇਪ੍ਰਵਾਹ ਹੋਈ ਜਾ ਰਹੇ ਨੇ ਅਲਬਤਾ ਅੰਮ੍ਰਿਤ ਕੀਰਤਨ ਦੀ ਛੋਹ ਤਰਾਵਤ ਪੈਦਾ ਕਰ ਦਿੰਦੀ ਹੈ। ਵਾਹਿਗੁਰੂ ਤੁਹਾਨੂੰ ਤੰਦਰੁਸਤੀਆਂ ਬਖਸ਼ਣ।

*ਚਰਨਜੀਤ ਸਿੰਘ ਸਿੰਧਰਾ*
*ਡਾਇਰੈਕਟਰ, ਪੰਜਾਬੀ ਨਾਟਕ ਅਕਾਦਮੀ ਅਤੇ ਗੁਰਮਤਿ ਸਤਿਵਾਕ ਮੰਚ, ਮੋਹਾਲੀ*

## ਗੁਰਮਤ ਸੰਗੀਤ ਦੀ ਪੁਰਾਤਨ ਪਰੰਪਰਾ ਦਾ ਧਰੂਤਾਰਾ

ਪਿਛਲੇ ਦਿਨੀਂ ਭਾਈ ਅਵਤਾਰ ਸਿੰਘ ਜੀ ਦੇ ਅਕਾਲ ਚਲਾਣੇ ਦੀ ਖਬਰ ਮਿਲੀ ਤਾਂ ਮਨ ਨੂੰ ਹੌਲ ਜਿਹਾ ਪਿਆ। ਉਦੋਂ ਅੰਮ੍ਰਿਤ ਕੀਰਤਨ ਦਾ ਦਸੰਬਰ ਅੰਕ ਛਪ ਚੁੱਕਾ ਸੀ। ਇਸ ਲਈ ਸ਼ਰਧਾਂਜਲੀ ਭੇਟ ਨਹੀਂ ਕਰ ਸਕਿਆ।

ਮੇਰੀ ਜ਼ਿੰਦਗੀ ਵਿਚ ਭਾਈ ਸਾਹਿਬ ਦਾ ਜ਼ਿਕਰ 1975 ਵਿਚ ਆਇਆ। ਪੰਜਾਬ ਸਰਕਾਰ ਨੇ ਗੁਰੂ ਤੇਗ ਬਹਾਦਰ ਜੀ ਦਾ ਤਿੰਨ ਸੌ ਸਾਲਾ ਸ਼ਹੀਦੀ ਪੁਰਬ ਮਨਾਉਣ ਲਈ ਇਕ ਵਡ ਅਕਾਰੀ ਯੋਜਨਾ ਬਣਾਈ ਗਈ। ਇਸ ਵਿਚ ਇਕ ਕੀਰਤਨ ਸਬ ਕਮੇਟੀ ਬਣੀ ਸੀ। ਜਿਸ ਵਿਚ ਭਾਈ ਅਰਦਮਨ ਸਿੰਘ ਬਾਗੜੀਆ, ਗਿਆਨੀ ਗੁਰਦਿੱਤ ਸਿੰਘ, ਬਾਬਾ ਬੀਰ ਸਿੰਘ ਆਦਿ ਨਾਲ ਮੈਂ ਵੀ ਮੈਂਬਰ ਸਾਂ। ਉਦੋਂ ਸਰਕਾਰ ਦੀ ਇੱਛਾ ਸੀ ਕਿ ਪੰਜਾਬ ਵਿਚ ਜ਼ਿਲ੍ਹਾ ਪੱਧਰ ਤੇ ਕੀਰਤਨ ਦਰਬਾਰ ਕਰਵਾਏ ਜਾਣ। ਭਾਈ ਅਰਦਮਨ ਸਿੰਘ ਬਾਗੜੀਆ ਹੋਰਾਂ ਇਹ ਕੀਰਤਨ ਦਰਬਾਰ ਨਿਰਧਾਰਤ ਰਾਗਾਂ ਉਪਰ ਕਰਨ ਦਾ ਵਿਚਾਰ ਦਿੱਤਾ ਤੇ ਇਨ੍ਹਾਂ ਰਾਗਾਂ ਵਿਚ ਕੀਰਤਨ ਕਰਨ ਲਈ ਜਿਹੜੇ ਰਾਗੀ ਜਥੇ ਦਾ ਪਹਿਲਾ ਨਾਮ ਸਾਹਮਣੇ ਆਇਆ ਉਹ ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਹੋਰਾਂ ਦਾ ਸੀ।

ਪੀ.ਐਚ.ਡੀ. ਕਰਨ ਸਮੇਂ ਉਨ੍ਹਾਂ ਦੀ ਰਚੀ ਪੁਸਤਕ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਸਦਾ ਮੇਰੇ ਅੰਗ ਸੰਗ ਰਹੀ। 1977 ਵਿਚ ਅੰਮ੍ਰਿਤਸਰ ਸਾਹਿਬ ਦੀ ਸ਼ਤਾਬਦੀ ਸਮੇਂ ਇਨ੍ਹਾਂ ਨਾਲ ਮੇਲ ਹੋਇਆ ਤੇ ਫਿਰ ਪਿਆਰ ਵਧਦਾ ਹੀ ਗਿਆ। ਫਿਰ ਇਨ੍ਹਾਂ ਦੇ ਘਰ ਜਾ ਕੇ ਕਈ ਵਾਰੀ ਇਨ੍ਹਾਂ ਦੀ ਸੰਗਤ ਮਾਣੀ। ਆਪ ਹਮੇਸ਼ਾਂ ਸਾਨੂੰ ਪਿਤਾ ਪੁਰਖੀ ਪਿਆਰ ਬਖਸ਼ਦੇ ਸਨ।

ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕਰਕੇ ਹਮੇਸ਼ਾਂ ਕੁਝ ਨਾ ਕੁਝ ਸਿੱਖਣ ਨੂੰ ਮਿਲਦਾ ਸੀ। ਮੇਰੇ ਬੇਟੇ ਹਰਗੁਨਮੰਤ ਸਿੰਘ ਦੇ ਨਾਮਕਰਨ ਤੇ ਕੀਰਤਨ ਕਰਨ ਹਿਤ ਆਪ ਸਾਰੇ ਰੁਝੇਵੇਂ ਛੱਡ ਕੇ ਚੰਡੀਗੜ੍ਹ ਆਏ ਤੇ ਉਨ੍ਹਾਂ ਨੇ ਬੜੇ ਜ਼ਜਬੇ ਨਾਲ ਕੀਰਤਨ ਕੀਤਾ। ਉਦੋਂ ਉਨ੍ਹਾਂ ਦੇ ਗਾਏ ਸ਼ਬਦ 'ਕਿਆ ਨਾਹੀ ਘਰ ਤੇਰੈ' ਅਤੇ 'ਤੇਰੇ ਘਰ ਅਨੰਦ ਵਧਾਈ ਤੁਧੁ ਘਰ' ਮੇਰੇ ਚੇਤੇ ਵਿਚ ਅਜਿਹੇ ਵਸੇ ਕਿ ਮੈਂ ਵੀ ਇਨ੍ਹਾਂ ਨੂੰ ਗਾਉਣ ਲੱਗ ਪਿਆ।

ਪਤਾ ਲੱਗਾ ਹੈ ਕਿ ਉਹਨਾਂ ਨੇ ਆਪਣਾ ਵਿਰਸਾ ਆਪਣੇ ਬੇਟੇ ਭਾਈ ਕੁਲਤਾਰ ਸਿੰਘ ਨੂੰ ਸੰਭਾਲ ਦਿੱਤਾ ਹੈ। ਆਸ ਹੈ ਕਿ ਉਹ ਭਾਈ ਗੁਰਚਰਨ ਸਿੰਘ ਤੋਂ ਆਸ਼ੀਰਵਾਦ ਲੈ ਕੇ ਇਕ ਹੋਰ ਹੋਣਹਾਰ ਅਜੀਜ਼ ਬਲਦੇਵ ਸਿੰਘ ਨਾਲ ਮਿਲ ਕੇ ਇਸ ਜੋਤ ਨੂੰ ਹੋਰ ਜੋਸ਼ ਨਾਲ ਮਘਾਉਣਗੇ। ਇਹੀ ਭਾਈ ਅਵਤਾਰ ਸਿੰਘ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਕੀਰਤਨ-ਕੂਕੇ-ਕੁਰਬਾਨੀਆਂ

ਕਰਤਾਰ ਸਿੰਘ ਨੀਲਧਾਰੀ

***ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥***
***ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ॥***

(ਕਬੀਰ ਸਲੋਕ 223-1376)

ਨਾਮਧਾਰੀ ਪੰਥ ਨੂੰ ਅੰਗਰੇਜ਼ੀ ਰਾਜ ਦੇ ਦਸਤਾਵੇਜ਼ਾਂ ਵਿਚ ਕੂਕਾ ਪੰਥ ਕਿਹਾ ਗਿਆ ਹੈ ਅਤੇ ਇਸ ਪੰਥ ਵਲੋਂ ਚਲਾਈ ਅਜ਼ਾਦੀ ਲਹਿਰ ਨੂੰ ਕੂਕਾ ਲਹਿਰ ਦਾ ਨਾਮ ਦਿੱਤਾ ਗਿਆ। ਨਾਮਧਾਰੀ ਪੰਥ ਦੇ ਬਾਨੀ ਸਤਿਗੁਰ ਰਾਮ ਸਿੰਘ ਜੀ ਨੇ ਅੰਮ੍ਰਿਤ ਵੇਲੇ ਦੀ ਆਸਾ ਦੀ ਵਾਰ ਨੂੰ ਢੋਲਕੀਆਂ-ਛੈਣਿਆਂ ਦੀ ਗੂੰਜਾਰ ਵਿਚ ਵਾਰੇ ਦਾ ਰੂਪ ਦੇ ਦਿੱਤਾ। ਪ੍ਰਚਲਿਤ ਆਰਤੀ ਨੂੰ ਭਗਤ ਧੰਨਾ ਜੀ ਨੇ - ਗੋਪਾਲ ਤੇਰਾ ਆਰਤਾ - ਦਾ ਸੰਤ ਗਾਇਨ ਬਣਾ ਦਿੱਤਾ ਹੈ। ਇਸੇ ਤਰ੍ਹਾਂ ਸੰਤ ਖਾਲਸੇ ਨੂੰ ਵਾਰੇ ਨਾਲ ਪਰਿਚਿਤ ਕਰਾਇਆ ਗਿਆ। ਜਦੋਂ ਕਿਸੇ ਪਿੰਡ ਵਿਚ ਇਸ ਨਵੇਂ ਪੰਥ ਦੇ ਪੈਰ ਪੈਂਦੇ ਤਾਂ ਅੰਮ੍ਰਿਤ ਵੇਲੇ ਢਾਈ-ਤਿੰਨ ਵਜੇ ਖੂਹਾਂ ਉਤੇ ਨਾਮਧਾਰੀਆਂ ਦੇ ਗੜਵਿਆਂ ਦੇ ਤਾਲ ਨਾਲ ਇਸ਼ਨਾਨ ਦੀ ਨਿਰਮਲਤਾ ਵਿਚ ਗੁਰਬਾਣੀ ਦੀਆਂ ਮੱਧਮ ਸੁਰਾਂ ਦੀ ਗੂੰਜਾਰ ਸੁਨੇਹਾ ਦਿੰਦੀ ਕਿ ਧਰਤੀ ਤੇ ਬੈਕੁੰਠ ਉਤਰ ਰਿਹਾ ਹੈ।

ਸੁਚ, ਸੁੱਧਤਾ ਤੇ ਸਫਾਈ ਸੰਤ ਖਾਲਸੇ ਦੀ ਜੀਵਨ ਕਲਾ ਦਾ ਪਹਿਲਾ ਸਿਧਾਂਤ ਸਿਖਾਇਆ ਗਿਆ। ਮਨ ਨੂੰ ਸੁਰਤਾਲ ਵਿਚ ਕਰਨ ਦੇ ਅਭਿਆਸ ਤੋਂ ਪਹਿਲਾਂ ਤਨ ਦੀ ਸ਼ੁੱਧਤਾ ਦਾ ਪਾਠ ਸਿਖਾਇਆ ਜਾਂਦਾ ਸੀ। ਨਾਮਧਾਰੀ ਹਮੇਸ਼ਾਂ ਸਣੇ ਕੇਸੀ ਸ਼ਨਾਨ ਕਰਦੇ ਹਨ ਤੇ ਫਿਰ ਧੁਲੇ ਕੱਪੜੇ ਹੀ ਪਹਿਨਦੇ ਹਨ। ਇਸ ਤਰ੍ਹਾਂ ਆਸਾ ਦੀ ਵਾਰ ਵਿਚ ਹਾਜ਼ਰੀ ਭਰ ਕੇ ਇਹ ਗੁਰਬਾਣੀ ਨੂੰ ਵੀ ਸਵੈ ਸਿੱਧ ਕਰਦੇ ਹਨ

***ਬਲਿਹਾਰੀ ਗੁਰ ਆਪਣੇ ਦਿਉ ਹਾੜੀ ਸਦ ਵਾਰ॥***
***ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥***

ਰਾਤ ਦੇ ਘੁੰਧਲਕੇ ਵਿਚ ਸਾਫ ਸਫੈਦ ਬਾਣੇ ਵਿਚ ਬੈਠੇ ਨਾਮਧਾਰੀ ਰਸਨਾ ਨਾਲ ਨਾਮ ਜਪਦੇ ਰਹਿੰਦੇ ਹਨ ਤੇ ਮਾਲਾ ਦੇ ਮਣਕੇ ਇਕ ਨਿਸ਼ਚਿਤ ਸੁਰ ਵਿਚ ਮਨ ਮੰਦਿਰ ਵਿਚ ਦੀਵਾ ਜਗਾਉਣ ਦਾ ਅਭਿਆਸ ਜਾਰੀ ਰੱਖਦੇ ਹਨ। ਉੱਚੀ ਸੁਰ ਵਿਚ ਹੋ ਰਿਹਾ ਕੀਰਤਨ, ਜਿਸ ਵਿਚ ਢੋਲਕੀ, ਛੈਣਿਆਂ ਦੀ ਗੂੰਜਾਰ ਧਰਤੀ ਤੇ ਪ੍ਰਤੱਖ ਅਨਾਹਦ ਨਾਦ ਨੂੰ ਉਤਾਰ ਦਿੰਦੀ ਹੈ, ਉਨ੍ਹਾਂ ਦੇ ਮਨਾਂ ਨੂੰ ਸਥਿਰ ਰੱਖਦਾ ਹੈ। ਇਸ ਤਰ੍ਹਾਂ ਤਨ ਮਨ ਸੰਗੀਤ ਨਾਦ ਨਾਲ ਹਿਲੋਰੇ ਲੈਂਦਾ ਹੈ, ਕਈਆਂ ਦੇ ਸਿਰ ਆਪ ਹੀ ਵਿਸਮਾਦ ਵਿਚ ਕੁਝ ਝੂੰਮਣ ਲੱਗ ਜਾਂਦੇ ਹਨ। ਜਿਨ੍ਹਾਂ ਦਾ ਨਾਮ ਅਭਿਆਸ ਤਗੜਾ ਹੁੰਦਾ ਹੈ ਤੇ ਮਨ ਸਾਦਗੀ ਤੇ ਨਿਰਮਲਤਾ ਦਾ ਆਦਰਸ਼ ਬਣ ਗਿਆ ਹੁੰਦਾ ਹੈ, ਉਨ੍ਹਾਂ ਦੀ ਸੁਰਤਿ ਤਾਂ ਸਾਜ਼ਾਂ ਦੇ ਲਹਿਰੀਏ (ਨਾਦ ਧੁਨੀ) ਨਾਲ ਹੀ ਜਦੋਂ ਤ੍ਰਿਕੁਟੀ ਪਾਰ ਕਰ ਲੈਂਦੀ ਹੈ ਤਾਂ ਫਿਰ ਪਤਾ ਨਹੀਂ ਲੱਗਦਾ ਕਿ ਸਰੀਰ ਕਿਥੋਂ ਉੱਡ ਕੇ ਕਿੱਥੇ ਜਾ ਡਿਗਦਾ ਹੈ।

ਸੰਗੀਤ ਦੇ ਸਤ ਸੁਰ ਹਨ ਤਾਂ ਸੁਰਤਿ ਦੇ ਵੀ ਪੰਜ ਸੁਰ ਗਿਣਾਏ ਜਾਂਦੇ ਹਨ। ਪਹਿਲਾ ਕੀੜੀ ਜਾਂ ਸੁਸਰੀ ਵਾਂਗ ਹੌਲੀ, ਦੂਜਾ ਮੇਂਡਕ ਵਾਂਗ ਛੜੱਪਾ, ਤੀਜਾ ਬੰਦਰ ਵਾਂਗ ਇਕ ਬਿਰਖ ਤੋਂ ਦੂਜੇ ਤੇ ਨਿਝਰ ਛਲਾਂਗਾਂ, ਚੌਥਾ ਪੰਖੀ ਵਾਂਗ ਉਡਾਰੀ। ਤੇ ਪੰਜਵਾਂ ਮੱਛਲੀ ਵਾਂਗ ਜਦੋਂ ਦਿਲ ਕੀਤਾ ਲਹਿਰਾਂ ਵਿਚ ਤਰਦੇ ਡੂੰਘੇ ਪਾਣੀਆਂ ਵਿਚ ਔਝਲ ਹੋ ਜਾਣਾ।

***ਸੁਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ***
***ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ॥***
***ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ***
***ਉਡੈ ਨਹ ਹੰਸੁ ਨਹ ਕੰਧੁ ਛੀਜੈ॥***

(ਮਾਰੂ ਮਹਲਾ, 991)

ਇਸ ਤਰ੍ਹਾਂ ਆਸਾ ਦੀ ਵਾਰ ਨੂੰ ਅਨਹਦ ਨਾਦ ਦਾ ਵਾਰਾ ਬਣਾ ਕੇ ਜਦੋਂ ਨਾਮਧਾਰੀ ਕੀਰਤਨੀਏ ਪੰਚਮ ਸਪਤਕ ਵਿਚ ਬਾਣੀ ਪੜ੍ਹਦੇ ਹਨ ਤਾਂ ਅੰਮ੍ਰਿਤ ਵੇਲੇ ਦੇ ਸੰਨਾਟੇ ਵਿਚ ਇਹ ਧੁਨੀਆਂ ਦੂਰ ਦੂਰ ਤੱਕ ਸੁਤਿਆਂ ਨੂੰ ਜਗਾ ਦਿੰਦੀਆਂ। ਮਾਇਆ ਮੋਹ ਦੀ ਨੀਂਦਰ ਵਿਚ ਸੁੱਤੇ ਲੋਕਾਂ ਲਈ ਇਹ ਕੂਕਾਂ ਬੇ ਅਰਾਮੀ ਦਾ ਸਬੱਬ ਬਣ ਜਾਂਦੀਆਂ ਹਨ। ਅਜਿਹੇ ਲੋਕਾਂ ਨੇ ਹੀ ਸੰਤ ਖਾਲਸੇ ਨੂੰ ਕੂਕਾਂ ਮਾਰਨ ਵਾਲੇ ਕੂਕੇ ਨਾਮ ਦੇ ਦਿੱਤਾ। ਜਿਸਨੂੰ ਪੰਥ ਬਾਨੀ ਨੇ ਪਰਮੇਸ਼ਰ ਦਾ ਪ੍ਰਸਾਦਿ ਸਮਝ ਕੇ ਖੁਸ਼ੀ ਨਾਲ ਸਵੀਕਾਰ ਕਰ

ਲਿਆ। ਰੰਗੂਨ ਬਰਮਾ ਤੋਂ ਲਿਖੇ ਆਪਣੇ ਹੁਕਮ ਨਾਮਿਆਂ ਵਿਚ ਆਪ ਲਿਖਦੇ ਹਨ - *ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ ਜੀ ਸਾਰੇ ਖਾਲਸੇ ਕੋ ਸਾਰੇ ਕੂਕਿਆਂ ਦੀ॥*

ਪੁਸਤਕ ਹੁਕਮਨਾਮੇ ਪੰਨਾ 484 ਹੁਕਮਨਾਮਾ ਨੰ: 60
ਸ੍ਰੀ ਅਕਾਲ ਤਖਤ ਦੇ ਪੁਜਾਰੀਆਂ ਨਾਮ

ਕੀਰਤਨ ਦੀ ਜਿੰਨੀ ਉਪਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈ ਹੈ ਉਸਦਾ ਪ੍ਰਤੱਖ ਪ੍ਰਗਟਾਵਾ ਦਸ਼ਮੇਸ਼ ਸਤਿਗੁਰੂ ਦੇ ਮਾਤਲੋਕ ਤੋਂ ਅਲੋਪ (ਸੰਨ 1708) ਹੋਣ ਤੋਂ ਡੇਢ ਸੌ ਸਾਲ ਬਾਅਦ ਦੁਬਾਰਾ ਹੋ ਗਿਆ ਸੀ। ਪਹਿਲਾਂ ਨਾਲੋਂ ਜ਼ਿਆਦਾ ਜੋਰ ਨਾਲ ਕਿਉਂਕਿ ਰਾਵੀ ਕੰਢੇ ਕਰਤਾਰਪੁਰ ਵਿਚੋਂ ਉਠੀ ਆਸਾ ਦੀ ਵਾਰ ਦੀ ਸੁਰ ਸਤਿਲੁਜ ਕੰਢੇ ਪਿੰਡ ਭੈਣੀ ਰਾਈਆਂ ਵਿਚ ਆਸਾ ਦੀ ਵਾਰ ਦੇ ਵਾਰੇ ਦੀ ਕੂਕ ਤੇ ਅਨਹਦ ਨਾਦ ਬਣ ਗਿਆ ਸੀ।

ਖਾਲਸਾ ਰਾਜ ਤੇ ਅੰਗਰੇਜ਼ੀ ਰਾਜ ਦੀ ਹਦਬੰਦੀ ਸਤਿਲੁਜ ਨਦੀ ਬਣੀ ਹੋਈ ਸੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਰਾਵੀ ਨੇ ਅਨੇਕਾਂ ਨਿਰਪਰਾਧ ਤੇ ਸ਼ਾਤਿਰ ਰਾਜ ਕੁਮਾਰਾਂ ਤੇ ਵਜ਼ੀਰਾਂ ਦੇ ਖੂਨ ਦਾ ਸੁਆਦ ਚਖਿਆ ਸੀ। ਅੰਗਰੇਜ਼ਾਂ ਨੇ ਮੌਕਾ ਤਾੜ ਕੇ ਸਤਿਲੁਜ ਵਿਚ ਸਿੱਖ ਰਾਜ ਦੇ ਚੜ੍ਹਦੇ ਸੂਰਜ ਦੀ ਸਾਰੀ ਲਾਲੀ ਘੋਲ ਦਿੱਤੀ ਸੀ। ਸਿੱਖ ਕੌਮ ਰਾਜ ਦੇ ਨਸ਼ੇ ਦੀ ਖੁਮਾਰੀ ਉਤਰਨ ਤੋਂ ਬਾਅਦ ਖੁਆਰ ਹੋ ਰਹੀ ਸੀ।

ਜਦੋਂ ਕੀਰਤਨ ਦੀ ਗਗਨ ਗੂੰਜਾਊ ਕੂਕਾਂ ਨੇ ਉਸ ਨੂੰ ਜਗਾਇਆ। ਖਾਲਸਾ ਰਾਜ ਦੇ ਪਤਨ ਤੋਂ ਪੀੜਿਤ ਤੇ ਅਧਮੋਏ ਹਿਰਦਿਆਂ ਦੀ ਰਗਾਂ ਵਿਚ ਇਨ੍ਹਾਂ ਕੂਕਾਂ ਨੇ ਦਸ਼ਮੇਸ਼ ਗੁਰੂ ਦੇ ਸਰਬੰਸ ਦਾਨੀ ਅੰਮ੍ਰਿਤ ਦਾ ਸੰਚਾਰ ਕਰ ਦਿੱਤਾ। ਮੋਏ ਮਨ ਜਾਗ ਪਏ ਕੀਰਤਨ-ਗੁਰਬਾਣੀ-ਨਾਮ ਨੇ ਮਨ ਆਤਮਾ ਨੂੰ ਸੁਤੰਤਰ ਕਰ ਦਿੱਤਾ ਤੇ ਆਤਮ ਸਨਮਾਨ ਦੀਆਂ ਹਿਲੌਰਾਂ ਵਿਚ ਦੋ ਚਾਰ ਕੂਕੇ ਜਦੋਂ ਇਕੱਠੇ ਹੁੰਦੇ ਗੜਵਿਆਂ ਦੇ ਕੁੰਡੇ ਖੜਕਣੇ ਸ਼ੁਰੂ ਹੋ ਜਾਂਦੇ। ਆਪ ਮੁਹਾਰੇ ਸੁਤੰਤਰਤਾ ਬੋਲ ਉਠਦੀ

*ਫਿਰੰਗੀਆ ਚੁੱਕ ਲੈ ਡੇਰਾ ਹੁਣ ਖਾਲਸੇ ਨੇ ਰਾਜ ਕਰਨਾ*

ਕੂਕਿਆਂ ਦੇ ਸਰੀਰਕ ਕੰਨਾਂ ਵਿਚ ਤੇ ਸੁਰਤਿ ਵਿਚ ਨਿਰਬਾਨ ਕੀਰਤਨ ਦੀ ਸੁਰ ਲਹਿਰੀਆ ਨੇ ਉਨ੍ਹਾਂ ਦੇ ਅੰਦਰੋਂ ਮੌਤ ਦਾ ਭੈਅ ਮੁਕਾ ਦਿੱਤਾ ਸੀ। ਅੰਗਰੇਜ਼ੀ ਰਾਜ ਨੇ ਸਾਰੇ ਅਹਿਦਨਾਮੇ ਤੋੜ ਕੇ ਅੰਮ੍ਰਿਤਸਰ ਵਿਚ ਬੁੱਚੜਖਾਨੇ ਖੁਲਵਾ ਕੇ ਮੁਸਲਮਾਨਾਂ ਨੂੰ ਮੁਗਲਰਾਜ ਦਾ ਚੇਤਾ ਕਰਾਇਆ। ਇਸ ਤਰ੍ਹਾਂ ਇਕ ਤੀਰ ਨਾਲ ਕਈ ਸ਼ਿਕਾਰ ਕਰ ਲਏ ਗਏ। ਹਿੰਦੂ ਸਿੱਖਾਂ ਨੂੰ ਅਹਿਸਾਸ ਕਰਾਇਆ ਗਿਆ ਕਿ ਸਾਡੀ ਸੱਭਿਅਤਾ ਦੇ ਈਸਾਈ ਤੇ ਇਸਲਾਮੀਆਂ ਵਿਚ ਕੁਦਰਤੀ ਸਾਂਝ ਹੈ। ਬੁੱਚੜ ਖਾਨੇ ਵਿਚੋਂ ਹੱਡੀਆਂ ਤੇ ਮਾਸ ਤੇ ਛਿਛਰੇ ਚੁੱਕ ਕੇ ਕਾਂ ਤੇ ਇੱਲ੍ਹਾਂ ਹਰਿਮੰਦਰ ਦੇ ਕੰਗੂਰਿਆਂ ਤੇ ਬੈਠਕੇ ਖਾਂਦੇ ਤੇ ਸਾਰੀ ਪ੍ਰਕਰਮਾ ਤੇ ਸਰੋਵਰ ਵਿਚ ਖਲਾਰਦੇ ਸਨ।

ਗੁਲਾਮੀ ਦੀ ਮਾਰ ਵਿਚ ਸੁੱਤੀ ਕੌਮ ਵਿਚੋਂ 14-15 ਜੂਨ ਸੰਨ 1871 ਨੂੰ ਦਸ ਕੂਕੇ ਬੁੱਚੜ ਮਾਰ ਕੇ ਗਊਆਂ ਆਜ਼ਾਦ ਕਰਕੇ ਬਗਾਵਤ ਦਾ ਬਿਗੁਲ ਵਜਾ ਕੇ ਰੂਹ ਪੋਸ਼ ਹੋ ਗਏ। ਅੰਗਰੇਜ਼ੀ ਜ਼ੁਲਮ ਨੇ ਕਈ ਬੇਦੋਸ਼ੇ ਨਿਹੰਗਾਂ ਤੇ ਹਿੰਦੂ ਸ਼ਹਿਰੀਆਂ ਨੂੰ ਇਕਬਾਲੀ ਮੁਜ਼ਰਿਮ ਬਣਾ ਲਿਆ। ਉਸ ਸਮੇਂ ਪੰਥ ਪਤੀ ਨੇ ਬੋਲਾ ਕੀਤਾ ਬੇਜੁਰਬਾਨ ਗਊਆਂ ਨੂੰ ਬਚਾ ਕੇ ਬੇਕਸੂਰ ਮਨੁੱਖਾਂ ਨੂੰ ਮਰਵਾਣਾ ਵੱਡਾ ਪਾਪ ਹੈ। ਜਿਸਨੇ ਬੀਜਿਆ ਹੈ ਉਹੀ ਵੱਢੇ-ਜੋ ਕਰੇ ਸੋਈ ਭਰੇ। ਆਪਣੇ ਸਤਿਗੁਰੂ ਦੇ ਹੁਕਮ ਨਾਲ ਕੂਕੇ ਸਬੂਤਾਂ ਸਮੇਤ ਕਚਿਹਰੀ ਚੜ੍ਹੇ ਤੇ ਫਾਂਸੀਆਂ ਦੀ ਸਜ਼ਾ ਲਈ। ਆਖਿਰੀ ਖੁਵਾਇਸ਼ ਦੇ ਤੌਰ ਤੇ ਉਨ੍ਹਾਂ ਨੇ ਮੰਗ ਕੀਤੀ ਕਿ ਉਨ੍ਹਾਂ ਨੂੰ ਹਰਿਮੰਦਰ ਸਰੋਵਰ ਵਿਚ ਸ਼ਨਾਨ ਕਰਨ ਦੀ ਅਗਿਆ ਦਿੱਤੀ ਜਾਵੇ। ਵਾਪਸੀ ਕੀਰਤਨ ਕਰਨ ਦੀ ਇਜਾਜ਼ਤ ਦਿੱਤੀ ਜਾਵੇ ਤੇ ਫਾਂਸੀ ਦੇ ਰੱਸੇ ਸਿਲਕ ਦੇ ਵਰਤੇ ਜਾਣ। ਸ਼ਹੀਦੀ ਜਥੇ ਨੇ ਹਰਿਮੰਦਰ ਸਾਹਿਬ ਸਰੋਵਰ ਵਿਚ ਸ਼ਨਾਨ ਕੀਤਾ। ਗਲ ਵਿਚ ਢੋਲਕੀ ਪਾਈ ਇਹ ਧਾਰਨਾ ਲਾਈ :

*ਤੇਰੀ ਸਰਣਿ ਮੇਰੇ ਦੀਨ ਦਇਆਲਾ*
*ਸੁਖ ਸਾਗਰ ਮੇਰੇ ਗੁਰ ਗੋਪਾਲਾ*
*ਕਰਿ ਕਿਰਪਾ ਨਾਨਕੁ ਸੁਣ ਗਾਏ*
*ਰਾਖਹੁ ਸਰਮ ਅਸਾਡੀ ਜੀਓ*

(ਪੰਨਾ 104)

ਇਸ ਤਰ੍ਹਾਂ ਸ਼ਬਦ ਪੜ੍ਹਦੇ ਹੋਏ ਚਾਰ ਕੂਕੇ ਪੂਰੇ ਜਲੋ ਜਲਾਲ ਵਿਚ ਫਾਂਸੀ ਸਥਲ ਵੱਲ ਜਾ ਰਹੇ ਸਨ ਮਗਰ ਲੋਕਾਈ ਦਾ ਹਜ਼ੂਮ ਜਾ ਰਿਹਾ ਸੀ। ਕਈ ਹੱਸ ਰਹੇ ਸਨ ਕਈ ਗਮਗੀਨ ਸਨ, ਕਈਆਂ ਦੀਆਂ ਅੱਖਾਂ ਛਲਛਲਾ ਰਹੀਆਂ ਸਨ, ਪਰ ਨਾਲ ਸ਼ਬਦ ਵੀ ਪੜ੍ਹ ਰਹੇ ਸਨ।ਇਕ ਮਹੀਨੇ ਬਾਦ ਰਾਏ ਕੋਟ ਵਿਚ ਦੂਜਾ ਬਿਗੁਲ ਵੱਜਿਆ ਤੇ ਤੀਜਾ ਮੋਰਿੰਡਾ ਵਿਚ। ਕੂਕਿਆਂ ਦੀ ਹੋਣੀ ਵਿਚ ਫਾਂਸੀਆਂ ਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਨੇ ਉਨ੍ਹਾਂ ਦੇ ਖੂਨ ਨੂੰ

ਜਿਵੇਂ ਉਬਾਲਾ ਦੇ ਦਿੱਤਾ। ਮੌਤ ਦੇ ਡਰ ਤੋਂ ਮੁਕਾਉ ਮਨਾਂ ਨੇ ਭੈਣੀ ਸਾਹਿਬ ਵਿਚ 12 ਜਨਵਰੀ 1872 ਈ. ਨੂੰ ਜੀਵਨ ਦਾ ਅਖੀਰਲਾ ਮੇਲਾ ਮਨਾਇਆ। ਉਥੋਂ ਸਿਰ ਲੱਥ ਸ਼ਹੀਦਾਂ ਦੀ ਟੋਲੀ ਮਲੇਰਕੋਟਲਾ ਦੇ ਨਿਜ਼ਾਮ ਨੂੰ ਸੋਧਣ ਲਈ ਤੁਰ ਪਈ। ਬੁੱਚੜ ਮਾਰੇ ਗਊਆਂ ਆਜ਼ਾਦ ਕਰਾਈਆਂ ਤੇ ਮਗਰੋਂ 68 ਦੇ ਜਥੇ ਨੇ ਸਵੈ ਸਮਰਪਨ ਕਰਕੇ ਮੌਤ ਦੇ ਸੋਹਿਲੇ ਗਾਉਣੇ ਸ਼ੁਰੂ ਕਰ ਦਿੱਤੇ। ਲੁਧਿਆਣੇ ਦੇ ਡੀ.ਸੀ. ਕਾਵਨ ਨੇ 17 ਜਨਵਰੀ 1872 ਦੀ ਸ਼ਾਮ ਨੂੰ ਜਮਾਲਪੁਰ (ਮਲੇਰ ਕੋਟਲਾ) ਵਿਚ 7 ਤੋਪਾਂ ਅੱਗੇ ਵਾਰੀ ਵਾਰੀ 7 ਜਥੇ ਤੋਪਾਂ ਨਾਲ ਉਡਾ ਦਿੱਤੇ। ਇਹ ਬਾਲਕ ਬਿਸ਼ਨ ਕੋਲੋਂ ਆਪਣੀ ਦਾੜ੍ਹੀ ਵਿਚ ਅਟਕੀ ਜਾਨ ਛੁੜਾਣ ਲਈ ਕਾਵਨ ਨੇ ਕਤਲ ਕਰਾਇਆ। ਇਤਿਹਾਸ ਗਵਾਹ ਹੈ ਉਸ ਵੇਲੇ ਵੀ ਨੇੜੇ ਦੇ ਪਿੰਡਾਂ ਦੇ ਕੂਕਿਆਂ ਨੇ ਢੋਲਕੀਆਂ ਛੈਣਿਆਂ ਨਾਲ ਕੀਰਤਨ ਹੀ ਕੀਤਾ ਸੀ।

*ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ*
*ਖੇਤ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ*
*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤ*
(ਮਾਰੂ ਕਬੀਰ 1103)

ਤੋਪਾਂ ਅੱਗੇ ਤੂੰਬਾ ਤੂੰਬਾ ਉਡ ਕੇ ਕੂਕਿਆਂ ਨੇ ਗੁਰਬਾਣੀ ਦੇ ਅਰਥ ਸਿੱਧ ਕਰਕੇ ਸੰਸਾਰ ਨੂੰ ਦਿਖਲਾ ਦਿੱਤਾ ਕਿ ਗੁਰਬਾਣੀ ਦਾ ਉਪਦੇਸ਼ ਕੀ ਹੈ ਤੇ ਸਿੱਖ ਨੇ ਕਿਵੇਂ ਇਸ ਗੁਰਬਾਣੀ ਕੀਰਤਨ ਅਨੁਸਾਰ ਸੱਚਾ ਸੁੱਚਾ ਸਿੱਖ ਪ੍ਰਮਾਣਿਤ ਹੋਣਾ ਹੈ। ਅੰਬਾਲਾ ਡਵੀਜ਼ਨ ਦੇ ਕਮਿਸ਼ਨਰ ਫੋਰਸੀਥ ਨੇ ਅੱਧੀ ਰਾਤ ਨੂੰ ਕੂਕਾ ਪੰਥ ਦੇ ਬਾਨੀ ਨੂੰ ਲੁਧਿਆਣੇ ਬੁਲਾਵਾ ਭੇਜਿਆ। ਆਪ ਚਾਰ ਸੇਵਕਾਂ ਨਾਲ ਹਾਜ਼ਰ ਹੋਏ। ਉਨ੍ਹਾਂ ਤੋਂ ਬਿਆਨ ਲੈ ਕੇ ਬੰਗਾਲ ਐਕਟ 1818 ਦੀ ਧਾਰਾ ਤਿੰਨ (ਅਮਨ ਅਮਾਨ ਨੂੰ ਖਤਰਾ) ਲਾ ਕੇ ਸਵੇਰੇ ਚਾਰੇ ਵਜੇ ਰੇਲਗੱਡੀ ਵਿਚ ਬਿਠਾ ਕੇ ਇਲਾਹਾਬਾਦ ਤੋਰ ਦਿੱਤਾ।

ਮਗਰੋਂ ਛੇ ਹੋਰ ਕੂਕੇ ਮੁਖੀ ਜਲਾਵਤਨ ਕੀਤੇ ਗਏ ਤੇ ਸਭ ਨੂੰ ਵੱਖ ਵੱਖ ਥਾਂ ਬਦੇਸ਼ਾਂ ਵਿਚ (ਜੀਵਨ ਸ਼ਾਮ ਗੁਜਾਰਨ ਲਈ) ਭੇਜ ਦਿੱਤਾ ਗਿਆ। ਮਲੇਰਕੋਟਲੇ ਆ ਕੇ ਫੋਰਸੀਥ ਨੇ ਬਾਕੀ ਬਚੇ 16 ਕੂਕਿਆਂ ਨੂੰ ਤੋਪਾਂ ਅੱਗੇ ਉਡਵਾਇਆ ਤੇ ਦੋ ਮਾਈਆਂ ਨੂੰ ਪਟਿਆਲਾ ਦੀਆਂ ਜੇਲ੍ਹਾਂ ਦੀਆਂ ਚੱਕੀਆਂ ਪੀਹਣ ਲਈ ਤੋਰ ਦਿੱਤਾ। ਇਸ ਤਰ੍ਹਾਂ ਕੀਰਤਨ ਦੇ ਸਪਤਕ ਚੋਂ ਨਿਕਲੀਆਂ ਕੂਕਾਂ ਨੇ ਦੇਸ਼ ਦੀ ਆਜ਼ਾਦੀ ਦਾ ਢੋਲ ਵਜਾ ਕੇ ਖੁੱਲੀ ਬਗਾਵਤ ਕਰ ਦਿੱਤੀ। ਅੰਗਰੇਜ਼ੀ ਸਰਕਾਰ ਦੇ ਜ਼ੁਲਮੋਂ ਸਿਤਮ ਨਾਲ ਇਹ ਕੂਕਾਂ ਮੱਧਮ ਜ਼ਰੂਰ ਹੋਈਆਂ ਪਰ ਸਚਖੰਡ ਦੇ ਨਾਦ ਨੂੰ ਸੰਸਾਰ ਹਥਿਆਰ ਕਦੇ ਬੰਦ ਨਹੀਂ ਕਰ ਸਕਦੇ। ਸਤਿਗੁਰ ਜੀ ਨੇ ਰੰਗੂਨ ਤੋਂ ਲਿਖਿਆ

***ਬਾਣੀ ਜ਼ਰੂਰ ਸਭਨੇ ਕੰਠ ਕਰਨੀ॥***
***ਰਾਤ ਨੂੰ ਕਠੇ ਹੋ ਕੇ ਸ਼ਬਦ ਜੋਟੀਆਂ ਨਾਲ ਪੜ੍ਹਨੇ।***
***ਦੇਖੋ ਸਮਾਂ ਐਸਾ ਹੀ ਹੈ***
***ਮੂਰਖ ਲੋਕ ਆਂਹਦੇ ਹੈਂ ਕਿ ਇਹ ਰੌਲਾ ਪਾਉਂਦੇ ਹੈਨ।***
(ਪੰਨਾ 1820)

---

162-ਏ, ਗਰੇਨ ਮਾਰਕੀਟ, ਮੱਧਿਆ ਮਾਰਗ, ਚੰਡੀਗੜ੍ਹ

# ਰਾਗ ਵਿਵਰਨ-ਰਾਗ ਤਿਲੰਗ

## ਪ੍ਰੋ: ਕਰਤਾਰ ਸਿੰਘ

ਰਾਗ ਤਿਲੰਗ ਦਾ ਵਰਨਣ ਕੁਝ ਸੰਗੀਤ ਗ੍ਰੰਥਾਂ ਵਿਚ ਇਸ ਪ੍ਰਕਾਰ ਮਿਲਦਾ ਹੈ। ਰਾਜਾ ਸਿੰਹ ਭੂਪਾਲ ਦੇ 'ਸੰਗੀਤ ਸੁਧਾਕਰੇ' ਦੇ ਸਲੋਕ ਨੰ: 66 ਅਨੁਸਾਰ ਤਿਲੰਗ ਰਾਗ ਉਸਨੂੰ ਕਿਹਾ ਜਾਂਦਾ ਹੈ ਜਿਸ ਵਿਚ ਗੰਧਾਰ ਸਵਰ ਅੰਸ਼ੀ ਅਰਥਾਤ ਵਾਦੀ ਸਵਰ ਹੈ ਤੇ ਨਿਸ਼ਾਦ ਸੰਵਾਦੀ ਹੈ। ਇਸ ਵਿਚ ਧੈਵਤ ਤੇ ਰਿਸ਼ਭ ਸਵਰ ਵਰਜਿਤ ਹਨ। ਇਸ ਗ੍ਰੰਥ ਦੇ ਸਲੋਕ ਨੰ: 67 ਅਨੁਸਾਰ ਇਹ ਔੜਵ ਜਾਤੀ ਦਾ ਰਾਗ ਹੈ ਤੇ ਇਸ ਵਿਚ ਪੰਚਮ ਤੇ ਨਿਸ਼ਾਦ ਦੇ ਸੁਮੇਲ ਨਾਲ ਹੀ ਰਾਗ ਦੀ ਪਹਿਚਾਣ ਹੁੰਦੀ ਹੈ। ਗਾਇਣ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਕ ਹੋਰ ਸਲੋਕ ਅਨੁਸਾਰ ਇਸ ਵਿਚ ਗੰਧਾਰ ਸਵਰ ਨੂੰ ਤੀਵਰ ਦੱਸਿਆ ਹੈ ਤੇ ਮਧਿਅਮ ਕੋਮਲ। ਨ ਦੀ ਵਰਤੋਂ ਤੀਵਰ ਤੇ ਕੋਮਲ ਦੋਵੇਂ ਤਰ੍ਹਾਂ ਹੁੰਦੀ ਹੈ। ਪੰਡਿਤ ਭਾਤਖੰਡੇ ਦੇ ਰਚਿਤ ਗ੍ਰੰਥ 'ਅਭਿਨਵ ਰਾਗ ਮੰਜਰੀ' ਦੇ ਸਲੋਕ ਨੰ: 62 ਅਨੁਸਾਰ ਨ ਸ ਗ ਮ ਪ ਨ ਸੰ, ਸੰ ਨੁ ਪ ਗ ਮ ਗ ਸ। ਉਪਰ ਦਿੱਤੇ ਆਰੋਹ-ਅਵਰੋਹ ਜਾਂ ਚਲਨ ਅਨੁਸਾਰ ਹੀ ਤਿਲੰਗ ਰਾਗ ਹੁੰਦਾ ਹੈ। ਇਸ ਦੀ ਜਾਤੀ ਔੜਵ ਹੈ ਗੰਧਾਰ ਵਾਦੀ ਹੈ ਤੇ ਗਾਇਣ ਸਮਾਂ ਰਾਤ ਦਾ ਦੂਜਾ ਪਹਿਰ ਹੈ। ਪੰਡਿਤ ਅੱਪਾ ਤੁਲਸੀ ਦੁਆਰਾ ਰਚਿਤ 'ਰਾਗੁ ਚੰਦ੍ਰਿਕਾ ਸਾਰ' ਦੇ ਸਲੋਕ ਨੰ: 85 ਅਨੁਸਾਰ ਜਿਸ ਵਿਚ ਮ ਨ ਲਗਦੇ ਹੋਣ, ਧ ਤੇ ਰ ਵਰਜਿਤ ਹੋ, ਗ ਨ ਵਾਦੀ ਸੰਵਾਦੀ ਹੋਣ ਦੇ ਨਾਲ ਹੀ ਜਿਸਦੀ ਜਾਤੀ ਔੜਵ ਹੋਵੇ ਉਸਨੂੰ ਤਿਲੰਗ ਰਾਗ ਕਹਿੰਦੇ ਹਨ। ਸ੍ਰੀ ਬਿਮਲਾਕਾਂਤ ਰਾਏ ਚੌਧਰੀ ਨੇ ਆਪਣੇ ਗ੍ਰੰਥ 'ਰਾਗ ਵਿਯਾਕਰਨ' ਵਿਚ ਰਾਗ ਤਿਲੰਗ ਦੇ ਦੋ ਸਰੂਪ ਦਿੱਤੇ ਹਨ। ਪਹਿਲਾ ਸਰੂਪ ਤਾਂ ਇਸ ਰਾਗ ਦੇ ਪ੍ਰਚਲਿਤ ਸਰੂਪ ਜੈਸਾ ਹੀ ਹੈ। ਸਮਾਂ ਰਾਤ ਦਾ 10 ਤੋਂ 11:30 ਹੈ। ਰਾਗ ਦੇ ਦੂਜੇ ਸਰੂਪ ਅਨੁਸਾਰ ਸਮਾਂ, ਵਾਦੀ ਸੰਵਾਦੀ ਤਾਂ ਉਹੀ ਹਨ ਪਰ ਜਾਤੀ ਔੜਵ ਵਕਰ ਸ਼ਾੜਵ ਹੈ। ਆਰੋਹ-ਨ ਸ ਗ ਮ ਪ ਨ ਸੰ ਅਵਰੋਹ ਸੰ ਨੁ ਪ ਮ ਗ ਮ ਰ ਗ ਰ ਮ ਗ ਸ। ਰਾਗ ਦਾ ਇਹੀ ਸਰੂਪ ਤਿਲੰਗ ਤੇ ਗੌਂਡ ਸਾਰੰਗ ਦਾ ਮਿਸ਼ਰਨ ਪ੍ਰਤੀਤ ਹੁੰਦਾ ਹੈ। ਇਹ ਸਰੂਪ ਪ੍ਰਚਾਰ ਵਿਚ ਨਹੀਂ ਹੈ।

ਰਾਗ ਤਿਲੰਗ ਦੇ ਸਰੂਪ ਬਾਰੇ ਭਾਰਤੀ ਸੰਗੀਤ ਦੇ ਤਕਰੀਬਨ ਸਾਰੇ ਹੀ ਵਿਦਵਾਨ ਇਕ ਮੱਤ ਹਨ। ਖਮਾਜ ਥਾਟ ਦੇ ਔੜਵ ਔੜਵ ਜਾਤੀ ਇਸ ਦੇ ਇਸ ਰਾਗ ਵਿਚ, ਆਰੋਹ ਵਿਚ ਸ਼ੁੱਧ ਤੇ ਅਵਰੋਹ ਵਿਚ ਕੋਮਲ ਨਿਸ਼ਾਦ ਦਾ ਪ੍ਰਯੋਗ ਹੈ। ਇਹ ਭਾਰਤੀ ਸੰਗੀਤ ਦੇ ਪ੍ਰਚਲਿਤ ਤੇ ਸਰਲ ਰਾਗਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਵਿਦਵਾਨਾਂ ਨੇ ਇਸ ਦੀ ਉਪਜ ਲੋਕ ਗੀਤਾਂ ਤੇ ਲੋਕ ਧੁਨਾਂ ਤੇ ਅਧਾਰਿਤ ਮੰਨੀ ਹੈ। ਅੱਜ ਵੀ ਸਪੇਰੇ ਦੀ ਬੀਨ ਤੇ ਵੰਝਲੀ ਦੀਆਂ ਧੁਨਾਂ ਤਿਲੰਗ ਰਾਗ ਵਿਚ ਸੁਨਣ ਗੋਚਰਾ ਹਨ। ਮੁੱਢ ਕਦੀਮਾਂ ਤੋਂ ਡੋਲੀ ਦੇ ਪ੍ਰਚਲਿਤ ਲੋਕ ਗੀਤਾਂ "ਅੱਜ ਦੇ ਦਿਹਾੜੇ ਰੱਖ ਡੋਲੀ ਨੀ ਮਾਂ ਰਹਵਾਂ ਬਾਬਲ ਦੀ ਬਣ ਕੇ ਗੋਲੀ ਨੀ ਮਾਂ' ਜਾਂ 'ਅੱਲਾ ਓ ਰਸੂਲ ਦਾ ਸਹਾਰਾ ਨੀ ਮਾਂ ਮੇਰਾ ਲੂੰ ਲੂੰ ਕੰਬਿਆ ਸਾਰਾ ਨੀਂ ਮਾਂ' ਤੋਂ ਰਾਗ ਤਿਲੰਗ ਦਾ ਸ਼ਪਸ਼ਟ ਰੂਪ ਨਜ਼ਰ ਆਉਂਦਾ ਹੈ। ਰਾਗ ਦੀ ਲੋਕ ਪ੍ਰਿਯਤਾ ਤੇ ਸਰਲਤਾ ਦੇ ਕਾਰਨ ਸਧਾਰਨ ਸਰੋਤੇ ਵੀ ਰਾਗ ਦੇ ਸਰੂਪ ਨੂੰ ਪਛਾਣ ਲੈਂਦੇ ਹਨ, ਪਰ ਖਮਾਜ ਰਾਗ ਦੇ ਬਹੁਤ ਨੇੜੇ ਹੈ। ਤਿਲੰਗ ਵਿਚ ਰਿਸ਼ਭ ਤੇ ਧੈਵਤ ਵਰਜਿਤ ਹਨ, ਪਰ ਖਮਾਜ ਵਿਚ ਆਰੋਹ ਵਿਚ ਰਿਸ਼ਭ ਵਰਜਿਤ ਹੈ। ਦੋਹਾਂ ਰਾਗਾਂ ਵਿਚ ਦੋਨੋਂ ਨਿਸ਼ਾਦ ਪ੍ਰਯੋਗ ਹੁੰਦੇ ਹਨ ਤੇ ਇਨ੍ਹਾਂ ਦਾ ਚਲਨ ਬਹੁਤ ਮਿਲਦਾ ਜੁਲਦਾ ਹੈ। ਖਮਾਜ ਦਾ ਸਰੂਪ ਸਪਸ਼ਟ ਕਰਨ ਲਈ ਨੁ ਧ, ਮ ਪ ਧ ਮ ਗ ਸਵਰ ਪ੍ਰਯੋਗ ਹੁੰਦੇ ਹਨ। ਤਿਲੰਗ ਦਾ ਸਰੂਪ ਗ ਮ ਪ ਨੁ ਪ ਮ ਗ, ਸ ਸਵਰ- ਸਮੂਹ ਦੇ ਪ੍ਰਯੋਗ ਨਾਲ ਸਪਸ਼ਟ ਹੋ ਜਾਂਦਾ ਹੈ। ਰਾਗ ਵਿਚ ਨੁ ਪ, ਗ ਮ ਗ ਸਵਰ ਸੰਗਤੀਆਂ ਵੀ ਬਹੁਤ ਮਹੱਤਵਪੂਰਨ ਹਨ। ਪੂਰਵਾਂਗ ਵਿਚ ਰਾਗ ਬਿਹਾਗ ਦਾ ਚਲਨ ਵੀ ਤਿਲੰਗ ਦੇ ਕੁਝ ਨੇੜੇ ਹੋ ਜਾਂਦਾ ਹੈ। ਗ ਮ ਪ ਮ ਗ ਸਵਰ ਸਮੂਹ ਦੋਹਾਂ ਰਾਗਾਂ ਵਿਚ ਪ੍ਰਯੋਗ ਹੋ ਜਾਂਦੇ ਹਨ। ਫਿਰ ਨਿਸ਼ਾਦ ਕੋਮਲ ਦਾ ਪ੍ਰਯੋਗ ਤੇ ਰਿਸ਼ਭ ਨੂੰ ਵਰਜਿਤ ਕਰਨ ਨਾਲ ਗ ਮ ਪ ਨੁ ਪ ਮ ਗ, ਸ ਤਿਲੰਗ ਦਾ ਸਰੂਪ ਬਣ ਜਾਂਦਾ ਹੈ। ਆਮ ਤੌਰ 'ਤੇ ਇਸ ਰਾਗ ਦਾ ਵਿਸਥਾਰ ਮੱਧ ਅਤੇ ਤਾਰ ਸਪਤਕਾਂ ਵਿਚ ਹੀ ਕੀਤਾ ਜਾਂਦਾ ਹੈ। ਕਈ ਗਾਇਕ

ਇਸ ਰਾਗ ਵਿਚ ਤਾਰ ਸਪਤਕ ਰਿਸ਼ਭ ਦਾ ਵੀ ਪ੍ਰਯੋਗ ਕਰਦੇ ਹਨ ਜਿਵੇਂ ਗ ਮ ਪ ਨ ਸਂ ਰਂ ਸਂ। ਕਿਤੇ ਕਿਤੇ ਦੋਹਾਂ ਨਿਸ਼ਾਦਾਂ ਦਾ ਪ੍ਰਯੋਗ ਗ ਮ ਪ ਨ ਨੁ ਪ ਮ ਗ ਇਕੱਠਾ ਵੀ ਕਰਦੇ ਹਨ। ਭਾਰਤੀ ਸੰਗੀਤ ਅਨੁਸਾਰ ਇਸ ਰਾਗ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ ਪਰ ਕੁਝ ਕੀਤਰਨਕਾਰ ਇਸ ਰਾਗ ਨੂੰ ਦੁਪਹਿਰ ਨੂੰ ਚਰਨ ਕਮਲ ਦੀ ਚੌਕੀ (ਰਾਗ ਸਾਰਗ ਦੇ ਸਮੇਂ ਤੋਂ ਬਾਅਦ) ਗਾਉਂਦੇ ਹਨ। ਪਾਕਿਸਤਾਨ ਦੀ ਹੋਂਦ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅੰਦਰ ਰਬਾਬੀ ਵੀ ਇਸ ਰਾਗ ਨੂੰ ਦੁਪਹਿਰ ਨੂੰ ਹੀ ਗਾਇਣ ਕਰਦੇ ਸਨ।

ਗੁਰਮਤਿ ਸੰਗੀਤ ਦੇ ਖੋਜੀਆਂ ਵਿਚੋਂ ਸ੍ਰੀਮਾਨ ਭਾਈ ਸਾਹਿਬ ਡਾਕਟਰ ਵੀਰ ਸਿੰਘ ਦੀ 'ਗੁਰਮਤ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਪੰਨਾ 26 ਅਨੁਸਾਰ ਤਿਲੰਗ ਗੁਰਮਤ ਸੰਗੀਤ ਵਿਚ ਹਿੰਡੋਲ ਦੀ ਰਾਗਣੀ ਹੈ, ਜੇਹਾ ਕੁ 'ਤੇਲੰਗੀ ਦੇਵਕਰੀ ਆਈ'। ਸਿਆਮ, ਗੌਰੀ, ਪੂਰਬੀ ਦੇ ਮੇਲ ਤੋਂ ਬਣਦੀ ਹੈ। ਹਿੰਡੋਲ ਦੀ ਛਾਇਆ ਸਮੇਤ ਹੈ। ਪ੍ਰੰਤੂ ਹੋਰਨਾਂ ਮੱਤਾਂ ਵਿਚ ਜੇਹਾ ਕੁ 'ਸੁਰ ਤਾਲ ਸਮੂਹ' ਵਿਚ ਮੇਘ ਦੀ ਰਾਗਣੀ ਲਿਖੀ ਹੈ, ਉਸ ਨੂੰ ਤਨਕ ਵੀ ਕਹਿੰਦੇ ਹਨ, ਮੇਲ ਵੀ ਹੋਰ ਹੈ। ਕਾਲੀ ਨਾਥ ਵਿਚ ਨਟ ਨਾਰਾਯਨ ਦੀ ਰਾਗਣੀ ਹੈ। ਸ੍ਰੀਮਾਨ ਡਾਕਟਰ ਚਰਨ ਸਿੰਘ ਜੀ ਦੀ 'ਗੁਰਮਤ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਪੰਨਾ 27 ਅਨੁਸਾਰ 'ਰਾਗ ਦੀਪਕਾ', 'ਸੰਗੀਤ ਦਰਪਣ' ਅਤੇ 'ਬੁੱਧ ਪ੍ਰਕਾਸ਼ ਦਰਪਣ' ਵਿਚ ਹਿੰਡੋਲ ਦੀ ਇਸਤਰੀ ਤਿਲੰਗ ਲਿਖੀ ਹੈ ਐਸਾ ਹੀ ਰਾਗ ਮਾਲਾ ਵਿਚ ਹਿੰਡੋਲ ਦੀਆਂ ਇਸਤਰੀਆਂ ਵਿਚ 'ਤੇਲੰਗੀ ਦੇਵਕਰੀ ਆਈ' ਹੈ। 'ਬੁੱਧ ਪ੍ਰਕਾਸ਼ ਦਰਪਣ' ਵਿਚ ਇਕ ਕਬਿੱਤ ਦੀ ਰਚਨਾ ਵਿਚ ਆਖੀਰ ਵਿਚ ਐਸਾ ਲਿਖਿਆ ਹੈ, 'ਸਿਆਮ ਗੌਰੀ ਪੂਰਬੀ ਮਿਲਾਏ ਤੇ ਤਿਲੰਗ ਭਈ, ਗਾਵੋ ਬਿਬ ਘਰੀ ਦਿਨ ਰਹੇ ਸਿਵ ਭਾਵਤੀ।' 'ਸੁਰ ਤਾਲ ਸਮੂਹ' ਵਿਚ ਮੇਘ ਦੀ ਰਾਗਣੀ ਕਰਕੇ ਲਿਖੀ ਹੈ। ਇਸ ਦਾ ਦੂਜਾ ਨਾਉਂ ਤਨਕ ਪੀ ਕਹਿੰਦੇ ਹਨ। ਇਸ ਰਾਗਣੀ ਨੂੰ ਪੰਜਾਬ ਵਿਚ ਵਿਸ਼ੇਸ਼ ਗਾਂਵਦੇ ਹਨ। ਸ਼ੁੱਧ ਸੰਕੀਰਨ ਹੈ। ਸ੍ਰੀ ਰਾਗ, ਕਾਨੜਾ, ਭੈਰੋਂ ਮਿਲ ਕੇ ਤਿਲੰਗੀ ਬਣਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ ਤਿਲੰਗ ਬਿਲਾਵਲ ਥਾਟ ਦਾ ਇਕ ਔੜਵ ਰਾਗ ਹੈ। ਇਸ ਵਿਚ ਰਿਸ਼ਭ ਧੈਵਤ ਵਰਜਿਤ ਹਨ ਬਾਕੀ ਸਾਰੇ ਸਵਰ ਸ਼ੁਧ ਹਨ। ਨਿਸ਼ਾਦ ਅਤੇ ਪੰਚਮ ਦੀ ਇਸ ਵਿਚ ਸੰਗਤੀ ਹੈ। ਵਾਦੀ ਸਵਰ ਗੰਧਾਰ ਅਤੇ ਨਿਸ਼ਾਦ ਸੰਵਾਦੀ ਹੈ ਤੇ ਗਾਉਣ ਦਾ ਵੇਲਾ ਦਿਨ ਦਾ ਤੀਜਾ ਪਹਿਰ ਹੈ। ਆਰੋਹ ਸ ਗ ਮ ਪ ਨ ਸਂ। ਅਵਰੋਹ ਸਂ ਨ ਪ ਮ ਗ ਸ। ਕਿਤਨਿਆਂ ਨੇ ਇਸ ਵਿਚ ਧੈਵਤ ਸੁਰ ਲਗਾ ਕੇ ਸ਼ਾੜਵ ਮੰਨਿਆ ਹੈ। ਡਾ. ਜੀ ਐਸ ਮਾਨਸੁਖਾਨੀ ਦੀ ਪੁਸਤਕ 'ਇੰਡੀਅਨ ਕਲਾਸੀਕਲ ਮਿਯੂਜ਼ਕ ਐਂਡ ਸਿਖ ਕੀਰਤਨ' ਵਿਚ ਰਾਗ ਤਿਲੰਗ ਦਾ ਪ੍ਰਚਲਿਤ ਸਰੂਪ ਖਮਾਜ ਥਾਟ ਦਾ ਔੜਵ ਔੜਵ ਜਾਤੀ ਵਾਲਾ ਹੀ ਮੰਨਿਆ ਹੈ। ਸਮਾਂ ਦਿਨ ਦਾ ਤੀਜਾ ਪਹਿਰ ਹੈ। ਇਸ ਰਾਗ ਵਿਚ ਠੁਮਰੀ ਗਾਇਣ ਪ੍ਰਚਾਰ ਵਿਚ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ 'ਐਨਸਾਈਕਲੋਪੀਡੀਆ ਆਫ ਸਿਖਇਜ਼ਮ' ਵੋ: 2 ਪੰਨਾ 173 ਅਨੁਸਾਰ ਰਾਗਮਾਲਾ ਵਿਚ ਰਾਗ ਤਿਲੰਗ ਹਿੰਡੋਲ ਦੀ ਰਾਗਨੀ ਹੈ। ਪਰ ਅੱਜ ਇਹ ਖਮਾਜ ਥਾਟ ਦਾ ਰਾਗ ਹੈ। ਇਸ ਦਾ ਸਮਾਂ ਰਾਤ ਦਾ ਹੈ, ਵਾਦੀ ਗੰਧਾਰ ਤੇ ਸੰਵਾਦੀ ਨਿਸ਼ਾਦ ਹੈ। ਇਸ ਦਾ ਸਰੂਪ ਅੱਜ ਦੇ ਪ੍ਰਚਲਿਤ ਸਰੂਪ ਅਨੁਸਾਰ ਹੀ ਹੈ। ਆਰੋਹ ਸ ਗ ਮ ਪ ਨ ਸਂ। ਅਵਰੋਹ ਸਂ ਨੁ ਪ ਮ ਗ ਸ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਦੇ ਰਚਿਤ ਗ੍ਰੰਥ 'ਗੁਰਬਾਣੀ ਸੰਗੀਤ', 'ਪ੍ਰਾਚੀਨ ਰੀਤ ਰਤਨਾਵਲੀ', 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ', 'ਸੁਰ ਸਿਮਰਣ ਸੰਗੀਤ', 'ਗੁਰਮਤ ਸੰਗੀਤ ਸਾਗਰ', 'ਆਦਿ ਗ੍ਰੰਥ ਰਾਗ-ਕੋਸ਼' ਤੇ 'ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ' ਜਵੱਦੀ ਟਕਸਾਲ ਤੇ ਹੋਰ ਵੀ ਗ੍ਰੰਥਕਾਰ ਰਾਗ ਦੇ ਇਸ ਪ੍ਰਚਲਿਤ ਸਰੂਪ ਬਾਰੇ ਇਕ ਮੱਤ ਹਨ। ਸੋ ਪ੍ਰਮਾਣਿਕ ਤੱਥਾਂ ਦੇ ਅਧਾਰ ਤੇ ਤਿਲੰਗ ਰਾਗ ਦੇ ਇਸ ਪ੍ਰੰਪਰਾਗਤ ਸਰੂਪ ਨੂੰ ਨਿਸਚਿਤ ਰੂਪ ਵਿਚ ਮੈਂ ਪ੍ਰਵਾਣਿਤ ਮੰਨਦਾ ਹਾਂ ਤੇ ਇਥੇ ਇਹੀ ਸਰੂਪ ਦਿੱਤਾ ਜਾ ਰਿਹਾ ਹੈ।

**ਪਰੀਚੈ:**

ਰਾਗੁ - ਤਿਲੰਗ ਥਾਟ - ਖਮਾਜ
ਸਵਰ - ਦੋਵੇਂ ਨਿਸ਼ਾਦ ਹੋਰ ਸਭ ਸ਼ੁੱਧ
ਵਰਜਿਤ ਸਵਰ - ਰਿਸ਼ਭ ਤੇ ਧੈਵਤ
ਜਾਤੀ - ਔੜਵ ਔੜਵ ਵਾਦੀ - ਗੰਧਾਰ
ਸੰਵਾਦੀ - ਨਿਸ਼ਾਦ ਸਮਾਂ - ਰਾਤ ਦਾ ਦੂਜਾ ਪਹਿਰ
ਅਰੋਹ ਸ, ਗ ਮ ਪ, ਨ ਸਂ
ਅਵਰੋਹ ਸਂ, ਨੁ ਪ, ਮ ਗ ਸ
ਮੁੱਖ ਅੰਗ (ਪਕੜ) ਗ ਮ ਪ , ਨੁ ਪ, ਗ ਮ ਗ, ॥

*ਪੁਸਤਕ 'ਸੰਗੀਤ ਦਰਪਣ' ਵਿਚੋਂ ਧੰਨਵਾਦ ਸਹਿਤ*

# ਪ੍ਰਮੇਸ਼ਰ ਰਾਗ ਦਾ ਰੂਪ ਹੈ

## ਕਰਮ ਸਿੰਘ ਰਤਨ

ਸ੍ਰਿਸ਼ਟੀ ਦੀ ਪੈਦਾਇਸ਼ ਵੇਲੇ ਇਕ ਹੋਇਆ ਸੀ ਨਾਦ
'ਪ੍ਰਮੇਸ਼ਰ' ਬਣ ਕੇ ਰਾਗ ਰੂਪ, ਗੂੰਜੇ ਬਣ ਕੇ ਨਾਦ
ਸਾਰੀ ਸ੍ਰਿਸ਼ਟੀ ਦੇ ਵਿਚ ਰਵਿਆ, ਏਹ ਜੋ ਰੱਬੀ ਨਾਦ
ਕਰੋੜਾਂ ਬ੍ਰਹਿਮੰਡਾਂ ਦਾ ਕਰਤਾ, ਅਕਾਲ ਪੁਰਖ ਹੈ ਨਾਦ -1

ਰੱਬ ਨੇ ਧਾਰ ਕੇ ਰੂਪ ਏਹ ਸਾਰੇ, ਕੀਤਾ ਏਹ ਪਸਾਰ
ਸੂਰਜ, ਚੰਦ ਤੇ ਬ੍ਰਹਮਾ ਵਿਸ਼ਨੂੰ ਸ਼ਿਵ ਜੀ ਦਾ ਅਵਤਾਰ
ਸੁਰ ਰੂਪ ਹੋ ਗੂੰਜੇ ਰੱਬ ਸੀ ਵਿਚ ਸਾਰੀ ਕਾਇਨਾਤ
ਐਸੀ ਧੁਨ ਗੂੰਜੀ ਬ੍ਰਹਿਮੰਡੀ ਜੋ ਗੂੰਜੀ ਸਭ ਕਾਇਨਾਤ - 2

ਜੰਗਲੀ ਜੀਵਾਂ ਦੇ ਵਿਚ ਬੋਲੇ, ਜੋ ਰੱਬੀ ਏਹ ਆਵਾਜ਼
ਚੌਰਾਸੀ ਲੱਖ ਜੂਨ 'ਚ ਛਾ ਗਈ, ਏਹ ਰੱਬੀ ਆਵਾਜ਼
ਮਿੱਠੇ ਮਿੱਠੇ ਸੁਰ ਜਬ ਬੋਲੇ, ਕੋਇਲ ਅਤੇ ਚਕੋਰ
ਮਸਤ ਹੋ ਕੇ ਹਾਥੀ ਵੀ ਬੋਲੇ, ਬੋਲੇ ਪਪੀਹੇ ਮੋਰ -3

ਕੁੱਤਾ ਬੋਲੇ, ਸ਼ੇਰ ਵੀ ਬੋਲੇ, ਬੋਲੇ ਘੋੜੇ ਆਣ
ਬੱਕਰੀ ਬੋਲੇ, ਮੈਂਡਕ ਬੋਲੇ, ਸਭ ਦੀ ਵੱਖ ਪਹਿਚਾਣ
ਸੱਤ ਜੂਨਾਂ 'ਚ ਸੱਤ ਸੁਰਾਂ ਦੀ ਕੀਤੀ ਫਿਰ ਪਹਿਚਾਨ
ਚੌਰਾਸੀ ਲੱਖ ਜੂਨ ਦੇ ਵਿਚੋਂ, ਕੱਢੇ ਸਤ ਸੁਰ ਆਣ -4

(ਸਾ) ਦੀ ਲਈ ਆਵਾਜ਼ ਮੋਰ ਤੋਂ, ਪਪੀਹੇ ਤੋਂ (ਰੇ)
(ਗਾ) ਦੀ ਆਵਾਜ਼ ਸੁਣੀ ਬੱਕਰੀ ਤੋਂ, ਚਕੋਰ ਤੋਂ (ਮਾ) ਹੈ ਏਹ
(ਪਾ) ਦੀ ਆਵਾਜ਼ ਤੋਂ ਕੋਇਲ ਬੋਲੇ, (ਧਾ) ਬੋਲੇ ਮੈਂਡਕ ਆਣ
(ਨੀ) ਦੀ ਆਵਾਜ਼ ਸੁਣੀ ਹਾਥੀ ਤੋਂ, ਧਾਰੇ ਸਤ ਸੁਰ ਆਣ -5

ਸੱਤ ਹੀ ਦਿਨ ਨੇ ਸੱਤ ਸੁਰਾਂ ਦੇ, ਰਵਿ ਦਾ ਸੁਰ ਹੈ (ਸਾ)
ਚੰਦ੍ਰ ਦਾ (ਰੇ) ਤੇ ਮੰਗਲ (ਗਾ) ਹੈ, ਬੁੱਧ ਦਾ ਸੁਰ ਹੈ (ਮਾ)
ਗੁਰੂ ਦਾ (ਪਾ) ਹੈ, ਸ਼ੁਕਰ ਦਾ (ਧਾ) ਹੈ, (ਨੀ) ਆਏ ਸ਼ਨੀਦੇਵ
ਸੱਤ ਦਿਨਾਂ ਦੇ ਸਤ ਸੁਰਾਂ ਦੇ ਵੱਖੋ ਵੱਖ ਨੇ ਦੇਵ - 6

ਧਰਤੀ ਤੇ ਛੇ ਰੁੱਤਾਂ ਬਣੀਆਂ ਛੇ ਹੀ ਨੇ ਮੁੱਖ ਰਾਗ
ਛੇ ਰੁਤਾਂ ਵਿਚ ਚਲਦਾ ਜੀਵਨ, ਛੇ ਰੁੱਤਾ ਦੇ ਛੇ ਰਾਗ
ਬਸੰਤ ਰੁੱਤ 'ਹਿੰਡੋਲ' ਰਾਗ ਹੈ, ਗ੍ਰੀਸ਼ਮ 'ਦੀਪਕ' ਰਾਗ
ਵਰਸ਼ਾ ਰੁੱਤ ਦਾ 'ਮੇਘ' ਰਾਗ ਹੈ, ਸਰਦ ਦਾ 'ਭੈਰਵ' ਰਾਗ - 7

ਸਿਸੀਅਰ ਰੁੱਤ ਦਾ 'ਮਾਲਕੌਂਸ' 'ਸ੍ਰੀਰਾਗ' ਹੇਮੰਤ
ਛੇ ਰਾਗਾਂ ਦੇ ਪੁਤ੍ਰ ਪੋਤ੍ਰੇ, ਬਣ ਗਏ ਰਾਗ ਅਨੰਤ
ਛੇ ਦੇਵਤੇ ਛੇ ਰਾਗ ਹਨ, ਜੋ ਹਨ ਰੱਬ ਦੇ ਰੂਪ
ਏਹਨਾਂ ਤੋਂ ਸਭ ਸ੍ਰਿਸ਼ਟੀ ਚਲਦੀ, ਜੋ ਹਨ ਰਾਗ ਦੇ ਰੂਪ -8

ਬ੍ਰਹਮਾ ਰੂਪ 'ਹਿੰਡੋਲ' ਰਾਗ ਹੈ, 'ਦੀਪਕ' ਸੂਰਜ ਦੇਵ
ਇੰਦ੍ਰ ਰੂਪ ਜੋ 'ਮੇਘ' ਹੈ, 'ਭੈਰਵ' ਸ਼ਿਵਦੇਵ
'ਮਾਲਕੌਂਸ' ਜੋ ਚੰਦ੍ਰ ਦੇਵ ਹੈ, ਵਿਸ਼ਨੂੰ ਹੈ 'ਸ੍ਰੀਰਾਗ'
ਛੇ ਰਾਗਾਂ 'ਚੋਂ ਸਭ ਤੋਂ ਉੱਤਮ ਪਾਵਨ ਹੈ 'ਸ੍ਰੀਰਾਗ' -9

ਪ੍ਰਥਮ ਸਥਾਨ 'ਭੈਰਵ' ਦਾ ਹੈ ਜੀ, ਕਿਉਂ ਕਿ ਸ਼ਿਵ ਦਾ ਰੂਪ
ਸੋਇਮ ਦਾ ਮਤਲਬ ਸ਼ਿਵਓਮ ਹੈ, 'ਭੈਰਵ' ਸ਼ਿਵ ਦਾ ਰੂਪ
ਧੈਵਤ ਵਾਦੀ, ਰੇ ਸੰਵਾਦੀ, ਕੋਮਲ ਰੇ ਧਾ ਮਾਨ
ਸਾ ਰੇ ਗਾ ਮਾ, ਪਾ ਧਾ ਨੀ ਧੇਹ, ਸਤੇ ਸੁਰ ਲਗ ਜਾਣ -10

ਗਾ ਮਾ ਧਾ ਧਾ, ਗਾ ਮਾ ਰੇ, ਰੁ ਸਾ ਮੁਖ ਅੰਗ ਜਾਣ
ਭੈਰਵ ਰਾਗ ਦੇ ਗਾਉਣ ਨਾਲ, ਕੋਹਲੂ ਚਲੇ ਆਣ
ਰੁੱਤ ਸਰਦ ਹੈ 'ਭੈਰਵ' ਜੀ ਦੀ ਗਾਈਏ ਏਹ ਪ੍ਰਭਾਤ
ਸ਼ਿਵ ਭੈਰਵ ਦੇ ਦਰਸ਼ਨ ਹੋ ਗਏ ਹੋਈ ਜਦ ਪ੍ਰਭਾਤ -11

ਦੂਜਾ ਰਾਗ ਜੋ 'ਮਾਲਕੌਂਸ' ਹੈ, ਰੁੱਤ ਸਿਸੀਅਰ ਠੰਢੀ ਰਾਤ
ਐਸੀ ਠੰਢੀ ਰਾਤ ਮੇਂ ਸਭ ਸੁੰਗੜ ਗਈ ਕਾਇਨਾਤ
ਹੌਕਾ ਨਿਕਲੇ ਠੰਢ ਸੇ, ਹੂਕ ਬਿਰਹਾ ਕੀ ਆਏ
ਚੰਦ੍ਰ ਦੇਵ ਜੀ 'ਮਾਲਕੌਂਸ' ਬਣ, ਆਧੀ ਰਾਤ ਕੋ ਆਏ -12

ਰਿਸ਼ਭ ਔਰ ਪੰਚਮ ਛਾਡ ਕੇ, ਸਭ ਕੋਮਲ ਸੁਰ ਮਾਨ
ਮਾ ਸਾ ਵਾਦ ਸੰਵਾਦ ਕਰ, ਹੈ 'ਮਾਲਕੌਂਸ' ਪਹਿਚਾਨ
ਮਾ ਗੁਾ ਮਾ ਧੁਾ, ਨੁੀ ਧੁਾ ਮਾ, ਗੁਾ ਸਾ ਮੁਖ ਅੰਗ ਜਾਣ
ਸ਼ਹਿਦ ਵਰਗਾ ਏਹ ਰਾਗ ਜੋ, 'ਮਾਲਕੌਂਸ' ਸਚ ਜਾਣ -13

ਭੈਰਵੀ ਠਾਠ ਕੇ ਸੁਰੋਂ ਮੇਂ, ਜਬ ਆੜਵ ਜਾਤੀ ਬਣ ਜਾਏ
ਸਾ ਗੁਾ ਮਾ ਧੁਾ ਨੀ ਕੀ ਸੁਰ ਸੇ, ਮਾਲਕੌਂਸ ਬਣ ਜਾਏ
ਐਸੀ ਠੰਢੀ ਰਾਤ ਮੇਂ ਜਬ ਪਾਣੀ ਬਰਫ਼ ਹੋ ਜਾਏ
'ਮਾਲਕੌਂਸ' ਕੀ ਹੇਕ ਸੇ, ਤਬ ਪਾਥਰ ਭੀ ਪਿਘਲਾਏ - 14

ਤੀਜੀ ਰੁੱਤ ਜੋ ਆ ਗਈ, ਇਸ ਦਾ ਰਾਗ 'ਸ੍ਰੀਰਾਗ'
ਹਿੰਮਤ ਰੁੱਤ ਦਾ ਰਾਗ ਹੈ, ਵਿਸ਼ਨੂੰ ਜੀ 'ਸ੍ਰੀਰਾਗ'
ਪ੍ਰਮੇਸ਼ੁਰ ਦਾ ਰੂਪ ਹੈ, ਜੋ ਬਣਿਆ ਹੈ 'ਸ੍ਰੀ ਰਾਗ'
ਸਭ ਮਿਲ 'ਸ੍ਰੀ ਰਾਗ' ਹੈ ਗਾਵਹਿ ਕਿਉਂ ਕਿ ਰਾਗਾਂ ਵਿਚ 'ਸ੍ਰੀਰਾਗ' -15

ਕੋਮਲ ਰੇ ਧਾ ਲਾਇ ਕੈ, ਨੀ ਗਾ ਮਾ ਤੀਬਰ ਲਾਏ
ਪਾ ਵਾਦੀ ਸੁਰ ਲਾਇ ਕੇ, ਸੰਵਾਦੀ ਸੁਰ ਰੇ ਲਾਏ
ਆਰੋਹ ਵਿਚ ਧਾ ਗਾ ਵਰਜ ਕੇ 'ਸ੍ਰੀ ਰਾਗ' ਬਣ ਜਾਏ
ਸਾ ਰੇ ਰੇ ਪਾ ਪਾ ਮਾ ਗਾ ਰੇ, ਰੇ ਰੇ ਸਾ ਮੁੱਖ ਅੰਗ ਲਾਏ -16

ਪੂਰਬੀ ਠਾਠ ਦੀ ਸੁਰਾਂ ਤੋਂ ਬਣਿਆ ਹੈ 'ਸ੍ਰੀਰਾਗ'
ਸਤੇ ਸੁਰਾਂ ਸੰਪੂਰਨ ਲੈ ਕੇ ਸੰਪੂਰਨ ਜਾਤੀ ਦਾ ਰਾਗ
ਹੇਮੰਤ ਰੁਤ ਅਤੇ ਸ਼ਾਮ ਸਮੇਂ ਇਹ ਗਾਇਆ ਜਾਵੇ ਰਾਗ
ਸਭੇ ਇੱਛਾਂ ਉਸ ਦੀ ਪੂਰਨ, ਜੋ ਸਾਧ ਲਵੇ 'ਸ੍ਰੀਰਾਗ' -17

ਚੌਥੇ ਨੰਬਰ ਤੇ ਆ ਗਏ, ਬਣ ਬ੍ਰਹਮਾ ਰਾਗ 'ਹਿੰਡੋਲ'
ਝੂਲੇ ਬੈਠ ਕੇ ਝੂਲਦਾ, ਪ੍ਰੇਮ ਦਾ ਕਰੇ ਕਲੋਲ
ਵਿਸ਼ਨੂੰ ਜੀ ਦੀ ਧੁਨ ਤੋਂ ਉਪਜੇ ਬ੍ਰਹਮਾ ਰਾਗ ਹਿੰਡੋਲ
ਬਸੰਤ ਰੁਤ ਵਿਚ ਗਾਇਆ ਜਾਵੇ, ਮਿਠੇ ਇਸ ਦੇ ਬੋਲ -18

ਰੇ ਤੇ ਪਾ ਨੂੰ ਤਿਆਗ ਕੇ, ਜਾਤੀ ਆੜਵ ਮਾਨ
ਧਾ ਗਾ ਵਾਦ ਸੰਵਾਦ ਕਰ, ਸ਼ਾਮ ਸਮੇਂ ਇਹ ਗਾਨ
ਸਾ ਨੀ ਧਾ ਨੀ ਮਾ ਧਾ ਸਾ, ਮੁਖ ਇਸ ਦੀ ਪਹਿਚਾਨ
ਕਲਿਆਣ ਠਾਠ ਤੋਂ ਪੈਦਾ ਹੁੰਦਾ, ਮਧਮ ਤੀਵਰ ਲਾਣ -19

ਬਸੰਤ ਰੁੱਤ ਵਿਚ ਕੁਦਰਤ ਖਿੜ ਗਈ, ਮਹਿਕੀ ਸਭ ਕਾਇਨਾਤ
ਬੂਰ ਪਿਆ ਜਦ ਅੰਬਾਂ ਨੂੰ ਤਾਂ ਕੋਇਲ ਵੀ ਗਾਇਆ ਰਾਗ
ਆਵਾਜ਼ ਆਵੇ ਜਦ ਮਿਠੀ ਮਿਠੀ ਝੂਲਾ ਝੂਲੇ ਆਣ
ਬੱਚਾ ਰੋਂਦਾ ਚੁੱਪ ਹੋ ਜਾਂਦਾ, ਆਵੇ ਮਿੱਠੀ ਨੀਂਦ ਮਹਾਨ -20

ਪੰਜਵਾਂ ਜੋ ਹੈ 'ਦੀਪਕ' ਰਾਗ, ਗ੍ਰਿਸ਼ਮ ਰੁੱਤ ਦਾ ਰਾਗ
'ਦੀਪਕ' ਬਣ ਕੇ ਆਇਆ ਸੂਰਜ ਸਾਰੇ ਬ੍ਰਹਿਮੰਡ ਤੇ ਰਾਜ
ਅੱਗ ਤੇ ਚਾਨਣ ਜੱਗ ਨੂੰ ਦਿੱਤਾ, ਪ੍ਰਭੂ ਹੋ ਕੇ ਸੂਰਜ ਦੇਵ
'ਦੀਪਕ' ਗਾਏ ਤੇ ਦੀਵੇ ਬਲਦੇ, ਏਹ 'ਦੀਪਕ' ਦੀ ਸੇਵ -21

ਆਰੋਹ ਵਿਚ ਰੇ ਨੂੰ ਤਿਆਗ ਕੇ, ਨੀ ਅਵਰੋਹ ਨਾ ਲਾਏ
ਜਾਤੀ ਸ਼ਾੜਵ ਸ਼ਾੜਵ ਕਰ ਕੇ, 'ਦੀਪਕ' ਰਾਗ ਨੂੰ ਗਾਏ
ਸਾ ਪਾ ਵਾਦ ਸੰਵਾਦ ਨੂੰ ਕਰ ਕੇ, ਠਾਠ ਪੂਰਬੀ ਆਏ
ਪਾ, ਗਾ ਪਾ ਗਾ, ਮੇ ਗਾ ਰੇ ਸਾ, ਮੁਖ ਅੰਗ ਦੀਪਕ ਗਾਏ -22

ਸ੍ਰਿਸ਼ਟੀ ਚਲਣ ਦਾ ਕਾਰਨ ਬਣਦਾ, ਏਹ ਸੂਰਜ ਦੀ ਸ਼ਾਨ
ਪਰ ਜੀਅ ਜੰਤ ਵੀ ਤੜਪਦੇ ਜਦ ਤਪਸ਼ ਪੈਂਦੀ ਹੈ ਆਣ
ਫਿਰ ਮੋਰ ਪਪੀਹੇ ਕੂਕ ਪਏ ਤੇ ਸੁਣ ਲਈ ਪ੍ਰਭੂ ਪੁਕਾਰ
ਮੇਘੇ ਨੋ ਫੁਰਮਾਨ ਹੋਆ, ਵਰਸਹੁ ਕਿਰਪਾ ਧਾਰ -23

ਫਿਰ ਛੇਵਾਂ ਰੂਪ ਪ੍ਰਭ ਧਾਰ ਕੇ, ਬਣ ਗਏ 'ਮੇਘ' ਸ੍ਰੀ ਰਾਗ
ਮੀਂਹ ਦਾ ਰੂਪ ਫਿਰ ਧਾਰ ਕੇ ਵਸਿਆ ਇਕ ਓਅੰਕਾਰ
ਕਾਫੀ ਠਾਠ ਦੀ ਸੁਰਾਂ 'ਚੋਂ ਧਾ ਗਾ ਕਢੇ ਆਣ
ਦੋਵੇਂ ਨਿਸ਼ਾਦ ਲਗਾਇ ਕੈ, ਮੇਘ ਰਾਗ ਪਹਿਚਾਨ - 24
ਸਾ ਵਾਦੀ ਮਾ ਸੰਵਾਦ, ਮੇਘ ਰਾਗ ਦਾ ਗਾਨ
ਰੇ ਮਾ ਰੇ ਸਾ, ਨੀ ਪਾ ਨੀ ਸਾਂ, ਮੁਖ ਅੰਗ ਇਸ ਦਾ ਜਾਣ
ਕਾਫ਼ੀ ਠਾਠ ਦੀ ਸੁਰਾਂ ਤੋਂ, ਆੜਵ ਜਾਤੀ ਧਾਰ
ਸਭ ਧਰਤ ਭਈ ਹਰਿਆਵਲੀ, ਜਦ ਵਸਿਆ ਮੇਘ ਮਲ੍ਹਾਰ -25

ਗੁਰੂ ਅਰਜਨ ਨੇ ਲਿਖ ਦਿਤੀ, ਜੋ ਰਾਗ ਮਾਲਾ ਗੁਰੂ ਗ੍ਰੰਥ
ਏਹਦਾ ਭੇਦ ਨਾ ਹਰ ਕੋਈ ਜਾਣਦਾ, ਜੋ ਜਾਣੈ ਹਰ ਜਨ ਸੰਤ
ਛੇ ਰਾਗ ਸ੍ਰੀ ਲਿਖ ਗਏ ਸਤਗੁਰ ਤੇ ਸੰਗ ਰਾਗਨੀ ਤੀਸ
ਸਾਰੇ ਪੁਤ੍ਰ ਜੋੜ ਕੇ ਬਣ ਗਏ, ਅਠਾਰਾਂ ਦਸ ਬੀਸ -26

ਮਾਲਾ ਚੌਰਾਸੀ ਰਾਗਾਂ ਦੀ, ਇਹ ਜਪੇ ਚੌਰਸੀ ਕਟ ਜਾਂਦੀ
ਅਨੰਤ ਰਾਗ ਜੋ ਜਾਣਦਾ, ਓਹ ਬੁੱਧੀ ਨਿਰਮਲ ਹੋ ਜਾਂਦੀ
ਭਲੋ ਭਲੋ ਓਹ ਕੀਰਤਨੀਆ, ਉਸ ਚਰਨੀ ਮਾਇਆ ਆ ਜਾਂਦੀ
ਹੈ ਨਾਮ ਪ੍ਰਭ ਦਾ ਰਾਗ 'ਰਤਨ' ਜੋ ਗਾਵੇ ਫਾਸੀ ਕਟ ਜਾਂਦੀ -27

# ਸ. ਮਹਿੰਦਰ ਸਿੰਘ ਬਿੰਦਰਾ ਦਾ ਅਨਮੋਲ ਖ਼ਜ਼ਾਨਾ

*ਬਿੰਦਰਾ ਸਾਹਿਬ ਵਲੋਂ ਇਕ ਪੱਤਰ ਅਤੇ ਉਨ੍ਹਾਂ ਕੋਲ ਪਈਆਂ ਕੁਝ ਪੁਰਾਤਨ ਰਿਕਾਰਡਿੰਗ ਦੇ ਵੇਰਵਾ ਪ੍ਰਾਪਤ ਹੋਇਆ ਹੈ। ਪਾਠਕਾਂ ਦੀ ਜਾਣਕਾਰੀ ਲਈ ਹਾਜ਼ਰ ਹੈ:*

It is my pleasure to present 51 different masters of the bygone era from my collection. To avoid my disappointment, I must warn that please do not expect very good recordings. As you will not these are all from 78 RPM records and some are almost a century old and none is less than half a century old and therefore this is the best that i could make.

Here you might note overwhelming sprinkling of Bhairvis in this collection and this is so because in olden times all the 'Raag mandlies' used this raaga in their performances. perhaps because its formatation is very romantic and also easy to follow.

I will suggest that you please listen to these on a small cassette player in a small room Perhaps a better effect will be seen on a car cassette with closed windows . These recordings also include Bhairvi by Gohar Jan recorded in 1902 which is the first gramophone record recorded in this century.

CASSETTE NO 1

Side A

1 Miss Gohar Jan
1902 - Bhairvi

2 Mojudeen
1904- Bhairvi
Bazu Bandh Khul Khul Jae

3 Janki Bai - She has distinction of having sung along with Miss Gohar Jan on King George Vth caronation in New Delhi.
1904 - Gori Dheerai Chalo

4 Pyare Sahib
1904 - Kari Bhar Jhori
Thumri Bhairvi

5 Zohra Bai Agra Wali
Bedardia Na Ja
Kafi 1908

6 Abdul Karim Khan Sahib
1905 - Bhairvi
Jamuna ke Teer

7 Kesar Bai Karekar
Jaat Kahan Ho 1920 - Bhairvi

8 Mohd Bandi
Bhairvin 1907
Bazu Bandh Khul Khul Jaye

9 Ustad Kale Khan Sahib - elder brother and Ustad of Kasoor wale Ali Baksh Khan, father of Bare Gulam Ali Khan and great vetron of Patiala Gahrana. He was also Ustaad of Bare Gulam Ali Khan Sahib - 1904

10 Savai Gandharv
1910 - Bhairvi
Lagat Kalejwa mein chot

11 Malika Jan
1904 - Dil gasuon mein phansaya na jayega

12 Achhan Bai
1908-Piloo

13 V N Seth
1942
Mein Lagi Dil ke

Side B

14 Mukhtiar Begum
1922 - Mere kabu mein nahin pehron

15 Khurshid Bai Hijarwali - A great singer of her time
1916 - Mori payaliya chhana chan baji re

16 Roshan Ara Begum
1928 - Hone ko to kya hooa nahin hey

17 Narain Rao Vyas
1936- Neer Bharan kaise jaaon Puria

18 Illa Ghosh
1942 - Apan Jeevan Darpan Nyara

19 Shamshad Bai Delhi wali
1940 - Dost Gum Khwari Farmaen Ge kya

20 A very rare duet by Khan Sahib Ashiq Ali Khan and Umaid Ali Khan though not very clear
1928 - Shayam Kalyan

21 Iqbal Putli
1930 - Beth jata huin ghani chaon dekh kar

22 Rafiq Guzanavi
1940 - Bhairvi
Lagat Kalejwa mein chot

23 Farhat Jan Bibo Hori
1930 - Nund Kanwar sambhal rahi

24 Bhai Lal
1920 - Malkauns

25 Sardar Devi
1930- - Kyo meri sudh bisrai

CASSETTE NO 2

Side A

1 Khan Sahib Fyaz Khan
1930 - Bhairvi
Baju Bandh Khul Khul Jaa

2 Baban Jan Hyderabad Wali
1930 - Aise Bedardi se

3 Wahidin Bai Nimmi's mother
1930 - Achhay ho masihya

4 K.C. Day
1930 -
"Kahene deti nahin mohabbat teri" Daag Dehlbi

5 Kanan Bala - Lachhmi Moorat Daras
1930

6 Master Labhu - Dil kae phaphole jal uthe
1920

7 Miss Dulari
1920 - Dekha jo safaq ne chir kar kaleja mera

8 Bhai Chhela Patiala Wale
1930 - Mehrban Ho jaen gae

9 Miss Ram Dulari
1940 - Picture Chitralekha
Neel Kamal Muskae

10 D. K. Roy
1940- Tu nein kya kiya

11 Uma Bose
1940 - Aaj Sakhi Sun Bajat

12 Indu Bala
1940 - ....................
A great Thumri singer of her time and elder sister of Angur Bala
"Mori Nindiya Nahn Jagao Rajaji"

13 Mushtri Bai of Delhi
1940 - Tu Nimak Chhirke

14 Inyat Bai Dher Wali - a great Gazal singer of her times

1930 - Ya dil se baz aa ja

15 Afzal Bhupali

Piya bin nahin awat chein

1940 - Jhin Jheti

16 Kamla Jhania - very few can match her rich voice and mastery of Ghazal singing

1940 - Mujhe Jisdam

17 Master Madan

1920 - a very rare and uncommon Thumri

Mori Bainte Sune Kahna Re

18 Lukan Bai Allahabad Wali

1920 -De Dala Saijan

19 Pankaj Mullick - Doctor Picture

1940 - Guzar gaya zeh zamana

20 Jadan bai

1930 - Bhairvi

Nargis's Mother - Lagat kalejwa mein chote

21 K. L. Sehgal

1930 - Ah ko chah ye ik umar

22 Sundra Bai - life of Maharashtra theatre after Bal Gandharva arena

1920 - Mutware tore naina

23 Master Nisar - a very well known stage artist and partner of Jahan Ara Kajan

1920 - Tu paas nahn ho ga to teri zad rehe gi

24 Agur Bala - needs no comments

1930 - Jahane naaz mein kya mutlab

25 Miss Zohra Jaan - this was a most popular gazzle of the time

1930 - Dil lagane ki Woh

26 Akhtari Bai Faizabadi

1940

Sowat Nindya Jagae

***Mohinder Singh Bindra***

R-15 B, Windsor Court, DLF-IV,

Gurgaon-122 009 Mobile: 09313347323

# ਸਾਡੇ ਕੀਰਤਨੀਏਂ

ਮੰਗਤ ਸਿੰਘ ਮਸਤਾਨਾ

**ਭਾਈ ਛਿੰਦਰਪਾਲ ਸਿੰਘ:**

ਭਾਈ ਛਿੰਦਰਪਾਲ ਸਿੰਘ ਜਿਨ੍ਹਾ ਦਾ ਜਨਮ 20-9-1989 ਨੂੰ ਪਿੰਡ ਮਹਾਬੱਧਰ (ਮੁਕਤਸਰ) ਵਿਖੇ ਹੋਇਆ ਜੋ ਕਿ ਦਸਵੀਂ ਕਲਾਸ ਦੇ ਵਿਦਿਆਰਥੀ ਹਨ ਇਨ੍ਹਾਂ ਨੂੰ ਬਚਪਨ ਤੋਂ ਗਾਉਣ ਦਾ ਸ਼ੌਕ ਸੀ। ਇਨ੍ਹਾਂ ਨੇ ਗੁਰਬਾਣੀ ਦੀ ਜਾਣਕਾਰੀ (ਸਿੱਖਿਆ) ਆਪਣੇ ਪਿਤਾ ਗਿਆਨੀ ਗੁਰਤੇਜ ਸਿੰਘ ਜੀ ਪਾਸੋਂ ਪ੍ਰਾਪਤ ਕੀਤੀ। ਗਿਆਨੀ ਜੀ ਆਪ ਬਹੁਤ ਮਿਲਣਸਾਰ ਅਤੇ ਇਮਾਨਦਾਰ ਵਿਅਕਤੀ ਹਨ। ਹਰ ਇਕ ਗੁਣੀਜਨ ਦੀ ਕਦਰ ਕਰਦੇ ਹਨ। ਭਾਈ ਛਿੰਦਰਪਾਲ ਸਿੰਘ ਨੇ ਹਰਮੋਨੀਅਮ ਦੀ ਸਿਖਲਾਈ ਰਾਗੀ ਬਖਤੌਰ ਸਿੰਘ ਤੋਂ ਸ਼ੁਰੂ ਕੀਤੀ ਅਤੇ ਸ਼ਬਦ ਕੀਰਤਨ (ਕਲਾਸੀਕਲ) ਮਲੋਟ ਦੇ ਪ੍ਰਸਿੱਧ ਰਾਗੀ ਪ੍ਰੋ: ਐਮ.ਐਸ. ਮਸਤਾਨਾ ਪ੍ਰੈਸ ਸਕੱਤਰ ਗੁਰਮਤਿ ਰਾਗੀ ਸਭਾ ਮਲੋਟ ਤੋਂ ਸਿੱਖਿਆ। ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਦੇ ਇੰਡੀਅਨ ਮਿਊਜ਼ਿਕ ਸੈਂਟਰ ਗਿੱਦੜਬਾਹਾ ਦੇ ਰਾਹੀਂ ਵੋਕਲ ਕਲਾਸੀਕਲ ਦਾ ਸੈਕਿੰਡ ਈਅਰ ਦਾ ਡਿਪਲੋਮਾ ਹਾਸਲ ਕੀਤਾ। ਆਪ ਵਿਆਖਿਆ ਸਹਿਤ ਕੀਰਤਨ ਵੀ ਬਹੁਤ ਵਧੀਆ ਕਰਦੇ ਹਨ ਅਤੇ ਆਵਾਜ ਵੀ ਬਹੁਤ ਸੁਰੀਲੀ ਹੈ। ਤਬਲੇ ਦੀ ਸਹਾਇਤਾ ਇਨ੍ਹਾਂ ਦੇ ਛੋਟੇ ਭਰਾ ਕਰਦੇ ਹਨ ਅਤੇ ਭਾਈ ਛਿੰਦਰਪਾਲ ਸਿੰਘ ਨੂੰ ਸ਼ਬਦ ਕੀਰਤਨ ਦੇ ਨਾਲ ਨਾਲ ਗੀਤ ਕਵਿਤਾ ਲਿਖਣ ਅਤੇ ਗਾਉਣ ਦਾ ਬਹੁਤ ਸ਼ੌਕ ਹੈ।

ਸ਼ਬਦ ਗਾਇਣ ਅਤੇ ਲੋਕ ਗੀਤਾਂ ਦੇ ਕੰਪੀਟੀਸ਼ਨਾਂ ਦੀਆਂ ਟੀਮਾਂ ਨਾਲ ਭਾਈ ਸਾਹਿਬ ਨੇ ਹਰਮੋਨੀਅਮ ਵਜਾਇਆ ਹੈ। ਟੀਮਾਂ ਵੀ ਫਸਟ ਪੁਜੀਸ਼ਨਾਂ ਹਾਸਲ ਕਰ ਚੁੱਕੀਆਂ ਹਨ ਅਤੇ ਭਾਈ ਸਾਹਿਬ ਜਲਦੀ ਹੀ ਸ਼ਬਦ ਕੀਰਤਨ ਦੀ ਕੈਸਟ ਕਰਵਾਉਣ ਅਤੇ ਰੇਡੀਓ ਦੂਰਦਰਸ਼ਨ (ਟੀ.ਵੀ.) ਤੇ ਪ੍ਰੋਗਰਾਮ ਦੇਣਾ ਚਾਹੁੰਦੇ ਹਨ। ਪ੍ਰਮਾਤਮਾ ਇਨ੍ਹਾਂ ਨੂੰ ਕਾਮਯਾਬੀ ਬਖਸ਼ੇ।

**ਬੀਬੀ ਜਸਪ੍ਰੀਤ ਕੌਰ ਜੀ:**

ਗੁਰਬਾਣੀ ਦੇ ਫੁਰਮਾਨ ***ਜੈਸਾ ਗੁਰ ਉਪਦੇਸਿਆ ਮੈਂ ਤੈਸਾ ਕਹਿਆ ਪੁਕਾਰ ਨਾਨਕ ਕਹਿ ਸੁਣਾ ਰੇ ਮਨਾ ਕਰਿ ਕੀਰਤਨ ਹੋਏ ਉਧਾਰ*** ਦੇ ਮੁਤਾਬਕ ਸ਼ਬਦ ਕੀਰਤਨ ਕਰਨ ਵਾਲੇ ਬੀਬੀ ਜਸਪ੍ਰੀਤ ਕੌਰ ਨੇ ਕਾਕਾ ਸਤਵਿੰਦਰ ਸਿੰਘ ਦੇ ਸ਼ਬਦ ਕੀਰਤਨ ਤੋਂ ਪ੍ਰਭਾਵਿਤ ਹੋ ਕੇ ਮਲੋਟ ਦੇ ਪ੍ਰਸਿੱਧ ਰਾਗੀ ਪ੍ਰੋ: ਐਮ. ਐਸ. ਮਸਤਾਨਾ ਜੋ ਕਿ ਗੁਰਮਤਿ ਰਾਗੀ ਸਭਾ ਮਲੋਟ ਦੇ ਪ੍ਰੈਸ ਸਕੱਤਰ ਹਨ, ਪਾਸੋਂ ਸ਼ਬਦ ਕੀਰਤਨ ਸਿੱਖਿਆ ਅਤੇ ਸਕੂਲ ਵਿਚ ਵੀ ਕੰਪੀਟੀਸ਼ਨਾਂ ਵਿਚ ਬਹੁਤ ਵਾਰੀ ਭਾਗ ਲਿਆ। ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਕਰਵਾਏ ਗਏ ਲੋਕ ਗੀਤ ਮੁਕਾਬਲੇ ਵਿਚ ਤੀਸਰਾ ਸਥਾਨ ਪ੍ਰਾਪਤ ਕੀਤਾ। ਉਮੀਦ ਹੈ ਕਿ ਜਸਪ੍ਰੀਤ ਕੌਰ ਇਕ ਬਹੁਤ ਹੀ ਵਧੀਆ ਕਲਾਕਾਰ (ਕੀਰਤਨਕਾਰ) ਬਣੇਗੀ। ਕਿਉਂਕਿ ਜਸਪ੍ਰੀਤ ਕੌਰ ਦੇ ਦਾਦਾ ਮਾ: ਕਿਰਪਾਲ ਸਿੰਘ ਅਤੇ ਪਿਤਾ ਸਵ: ਰਜਿੰਦਰ ਸਿੰਘ ਖੁਰਾਣਾ ਗੁਰਬਾਣੀ (ਕੀਰਤਨ) ਨਾਲ ਬਹੁਤ ਹੀ ਲਗਾਵ ਰੱਖਦੇ ਸਨ ਅਤੇ ਗੁਰਬਾਣੀ ਪੜ੍ਹਨ ਵਾਲਿਆਂ ਦੀ ਬਹੁਤ ਸੇਵਾ ਕਰਦੇ ਸਨ। ਇਸ ਕਰਕੇ ਬੀਬੀ ਜਸਪ੍ਰੀਤ ਕੌਰ ਗੁਰਬਾਣੀ ਗਾਉਣ ਦਾ ਸੁਭਾਗ ਪ੍ਰਾਪਤ ਹੋਇਆ। ਜਸਪ੍ਰੀਤ ਕੌਰ ਜਲਦੀ ਹੀ ਸ਼ਬਦ ਕੀਰਤਨ ਦੀ ਕੈਸਟ ਅਤੇ ਰੇਡੀਓ ਟੀ.ਵੀ. ਤੇ ਆਪਣਾ ਪ੍ਰੋਗਰਾਮ ਪੇਸ਼ ਕਰਨਾ ਚਾਹੁੰਦੀ ਹੈ। ਪ੍ਰਮਾਤਮਾ ਇਨ੍ਹਾਂ ਨੂੰ ਕਾਮਯਾਬੀ ਬਖਸ਼ੇ। ਤਾਂ ਕਿ ਇਹ ਸਿੱਖ ਸੰਗਤਾਂ ਦੀ ਹੋਰ ਵੀ ਸੇਵਾ ਕਰ ਸਕਣ।

*ਸੰਗਮ ਰੇਡੀਓ ਔਰ ਟੀਵੀ ਕਾਲਜ (ਰਜਿ),*

*ਜੀ ਟੀ ਰੋਡ, ਮਲੋਟ*

# NRIs Chipping in to save youths

## Gur Kirpal Singh Ashk

Patiala : Drug addiction amongst youth is a matter of deep concern for the government and Non Governmental Organisations (NGOs) alike. Realising the seriousness of the issue, a local foundation has adopted a unique approach to save the youth from this menace.

A Patiala-based organisation - Gurmat Sangeet Foundation - has started opening Gurmat Study Circles, with the help of Non-Resident Indians (NRIs), in Punjab villages where the children would not only be taught Gurmat Sangeet but they would also spread the message against drug addiction, female foeticide and AIDS awareness.

Dr. Gurnam Singh, director of the foundation, said that the idea of opening study circles in villages was developed during his Canada visit where a very large number of NRIs expressed their concern regarding drug addiction among youth especially in rural areas and offered to do something about it.

During discussions, it was felt that they could be saved from ill-habits only after changing their mindset and by sublimating their energy into positive acitivities, said he, adding that village gurdwaras, situated in almost each and every village were found as the ideal place for the project. A Toronto resident Brijinder Pal Singh, who took the initiative to open the first Gurmat Study Circle in his native village, Bapraur near Shambhu on Wednesday said, "The NRIs are keen to adopt such projects in their native villages".

They can easily make available one or two harmoniums, one tabla or one string instrument to start the project and a fee of Rs 3,000 per month to be paid to the part time instructor, he said, adding that this was not a cost worth mentioning to save the young generations from drug addiction and creating awareness among people against social evils. Surjit Singh Garhi, member Shiromani Gurdwara Parbhandhak Committee (SGPC), who inaugurated another centre at Chalheri village after Bapraur said that he would persuade the Shiromani Gurdwara Parbhandhak Committee to give instruments and free literature to run these centres as it was also a part of their social as well as religious responsibility.

Dr. Gurnam Singh claimed that each centre will solve the unemployment problem of least of one person though it would be a part time job.

---

(*Courtesy:* Times of India)

# ਗੁਰਮਤਿ ਸੰਗੀਤ ਦੀ ਪੁਰਾਤਨ ਪਰੰਪਰਾ ਦੇ ਅਲੰਬਰਦਾਰ

*ਭਾਈ ਅਵਤਾਰ ਸਿੰਘ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ। ਗੁਰਮਤਿ ਸੰਗੀਤ ਪਰੰਪਰਾ ਦੇ ਪੈਰੋਕਾਰਾਂ ਲਈ ਇਹ ਇਕ ਵੱਡਾ ਘਾਟਾ ਹੈ। ਅਸੀਂ ਭਾਈ ਸਾਹਿਬ ਬਾਰੇ ਜਾਣਕਾਰੀ ਆਉਣ ਵਾਲੇ ਅੰਕਾਂ ਵਿਚ ਪ੍ਰਕਾਸ਼ਿਤ ਕਰਦੇ ਰਹਾਂਗੇ। ਇਸ ਅੰਕ ਵਿਚ ਉਹਨਾਂ ਬਾਰੇ ਪੰਜਾਬੀ ਯੂਨੀਵਰਸਿਟੀ ਵਿਚ ਗੁਰਮਤਿ ਸੰਗੀਤ ਲਈ ਉਨ੍ਹਾਂ ਵਲੋਂ ਪਾਏ ਯੋਗਦਾਨ ਅਤੇ ਯੂਨੀਵਰਸਿਟੀ ਵਲੋਂ ਉਨ੍ਹਾਂ ਨੂੰ ਦਿੱਤੇ ਸਨਮਾਨਾਂ ਬਾਰੇ ਜਾਣਕਾਰੀ ਦੇ ਰਹੇ ਹਾਂ।*

## ਰਾਗੀ ਭਾਈ ਅਵਤਾਰ ਸਿੰਘ ਜੀ ਦੇ ਗੁਰਮਤਿ ਸੰਗੀਤ ਘਰਾਣੇ ਨੂੰ ਪੰਜਾਬੀ ਯੂਨੀਵਰਸਿਟੀ ਵਲੋਂ ਅਕਾਦਮਿਕ ਮਾਨਤਾ ਪ੍ਰਦਾਨ ਕਰਨ ਹਿਤ ਨੋਟ

ਵਿਸ਼ਵ ਵਿਖਿਆਤ ਕੀਰਤਨੀਏ ਭਾਈ ਅਵਤਾਰ ਸਿੰਘ ਨੇ ਉਮਰ ਭਰ (8 ਜਨਵਰੀ 1926-24 ਨਵੰਬਰ 2006) ਪੂਰਨ ਨਿਸ਼ਠਾ ਸ਼ਰਧਾ ਅਤੇ ਸਮਰਪਣ ਸਹਿਤ ਸੇਵਾ ਕੀਤੀ। ਆਪ ਨੇ ਆਪਣੀ ਕੀਰਤਨ ਵੰਸ ਦੇ ਭੰਡਾਰ ਵਿਚੋਂ ਪ੍ਰੰਪਰਾਗਤ ਗੀਤਾਂ ਨੂੰ ਪੰਜਾਬੀ ਯੂਨੀਵਰਸਿਟੀ ਲਈ "ਗੁਰਬਾਣੀ ਸੰਗੀਤ ਪ੍ਰਾਚੀਨ ਗੀਤ ਰਤਨਾਵਲੀ" ਦੇ ਰੂਪ ਵਿਚ ਪ੍ਰਕਾਸ਼ਿਤ ਕਰਵਾਇਆ। ਪੰਜਾਬੀ ਯੂਨੀਵਰਸਿਟੀ ਵਲੋਂ ਭਾਈ ਅਵਤਾਰ ਸਿੰਘ ਜੀ ਨੂੰ ਗੁਰਮਤਿ ਸੰਗੀਤ ਚੇਅਰ ਦੇ ਅੰਤਰਗਤ ਫੈਲੋਸ਼ਿਪ ਦੇਣ ਦਾ ਮਾਣ ਪ੍ਰਾਪਤ ਹੈ। ਭਾਈ ਸਾਹਿਬ ਵਲੋਂ ਪ੍ਰਦਾਨ ਕੀਤੀ ਗਈ ਇਤਿਹਾਸਕ ਸੂਚਨਾ ਅਨੁਸਾਰ ਆਪ ਪਿਛਲੀਆਂ 11 ਪੀੜੀਆਂ ਤੋਂ ਕੀਰਤਨ ਕਰਦੇ ਆ ਰਹੇ ਹਨ ਅਤੇ ਇਨ੍ਹਾਂ ਦੀ ਅਗਲੀ ਪੀੜ੍ਹੀ ਵੀ ਕੀਰਤਨ ਪ੍ਰਤੀ ਸਮਰਪਿਤ ਹੈ। ਪੰਜਾਬੀ ਯੂਨੀਵਰਸਿਟੀ ਭਾਈ ਅਵਤਾਰ ਸਿੰਘ ਜੀ ਦੁਆਰਾ ਦਿੱਤੀ ਗਈ ਇਸ ਮਹੱਤਵਪੂਰਨ ਇਤਿਹਾਸਕ ਗੌਰਵਮਈ ਸੂਚਨਾ ਦੇ ਅਧਾਰ ਤੇ ਗੁਰਮਤ ਸੰਗੀਤ ਦੇ ਇਸ ਵਿਸ਼ੇਸ਼ ਘਰਾਣੇ ਨੂੰ "ਭਾਈ ਸਾਹਿਬ ਜੁਵਾਲਾ ਸਿੰਘ ਗੁਰਮਤਿ ਸੰਗੀਤ ਟਕਸਾਲ (ਸੈਦਪੁਰ ਠੱਠਾ ਟਿੱਬਾ)" ਵਜੋਂ ਮਾਨਤਾ ਪ੍ਰਦਾਨ ਕਰਨ ਦੀ ਖੁਸ਼ੀ ਲੈ ਰਹੀ ਹੈ।

# ਮਾਣ ਪੱਤਰ

ਸਿੱਖ ਗੁਰੂ ਸਾਹਿਬਾਨ ਦੁਆਰਾ ਵਰੋਸਾਈ ਗੁਰਮਤਿ ਸੰਗੀਤ ਪ੍ਰੰਪਰਾ ਦੇ ਅਨਿਨ ਸਾਧਕ ਭਾਈ ਅਵਤਾਰ ਸਿੰਘ ਜੀ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਸੰਗੀਤਚਾਰੀਆ ਹਨ। ਸਮੁੱਚੇ ਸੰਗੀਤ ਜਗਤ ਵਿਚ ਆਪ ਨੂੰ ਟਕਸਾਲੀ ਗੁਰਮਤਿ ਸੰਗੀਤ ਪਰੰਪਰਾ ਦੇ ਪ੍ਰਮੁੱਖ ਵਿਦਵਾਨ ਅਤੇ ਗੁਰੂ ਕਾਲ ਤੋਂ ਪ੍ਰਚਲਿਤ ਕੀਰਤਨ ਗੀਤਾਂ ਦੀ ਅਨਮੋਲ ਧਰੋਹਰ ਦੇ ਵਾਰਸ ਮੰਨਿਆ ਜਾਂਦਾ ਹੈ। ਭਾਈ ਅਵਤਾਰ ਸਿੰਘ ਜੀ ਨੇ ਕੀਰਤਨ ਦੀ ਆਰੰਭਿਕ ਸਿੱਖਿਆ ਆਪਣੇ ਪਿਤਾ ਸ੍ਰ: ਭਾਈ ਜਵਾਲਾ ਸਿੰਘ ਜੀ, ਠੱਠਾ ਟਿੱਬਾ ਵਾਲਿਆਂ ਤੋਂ ਪ੍ਰਾਪਤ ਕੀਤੀ। ਆਪ ਜੀ ਦੇ ਪਰਿਵਾਰ ਨੂੰ ਪਿਛਲੀਆਂ ਗਿਆਰਾਂ ਪੀੜ੍ਹੀਆਂ ਤੋਂ ਗੁਰੂ ਘਰ ਦੀ ਕੀਰਤਨ ਦੁਆਰਾ ਸੇਵਾ ਕਰਨ ਦਾ ਮਾਣ ਪ੍ਰਾਪਤ ਹੈ। ਭਾਈ ਸਾਹਿਬ ਗੁਰਦਆਰਾ ਸੀਸ ਗੰਜ ਸਾਹਿਬ ਅਤੇ ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ ਦੇ ਪਾਵਨ ਸਥਾਨ ਉਤੇ 1954 ਤੋਂ ਨਿਰੰਤਰ ਕੀਹਤਨ ਦੀ ਸੇਵਾ ਕਰਦੇ ਆ ਰਹੇ ਹਨ। ਆਪ ਨੇ ਦੇਸ਼ ਵਿਦੇਸ਼ ਦੇ ਗੁਰਮਤਿ ਸੰਗੀਤ ਸੰਮੇਲਨਾਂ, ਕੀਰਤਨ ਦਰਬਾਰਾਂ ਵਿਚ ਆਪਣੀ ਸ਼ਮੂਲੀਅਤ ਦੁਆਰਾ ਵਿਸ਼ੇਸ ਨਾਮਣਾ ਖੱਟਿਆ ਹੈ।

ਭਾਈ ਅਵਤਾਰ ਸਿੰਘ ਜੀ ਦੇ ਕੀਰਤਨ ਖ਼ਜ਼ਾਨੇ ਵਿਚ ਗੁਰੂ ਘਰ ਦੀਆਂ ਪ੍ਰੰਪਰਾਗਤ ਗੀਤਾਂ ਦਾ ਅਖੁੱਟ ਭੰਡਾਰ ਮੌਜੂਦ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਇਹ ਸੰਗੀਤ ਰਚਨਾਵਾਂ ਪੁਸਤਕ ਰੂਪ ਵਿਚ 'ਗੁਰਬਾਣੀ ਸੰਗੀਤ ਪ੍ਰਾਚੀਨ ਗੀਤ ਰਤਨਾਵਲੀ' ਵਜੋਂ ਪ੍ਰਕਾਸ਼ਿਤ ਕਰਨ ਦਾ ਮਾਣ ਪ੍ਰਾਪਤ ਕੀਤਾ ਹੈ। ਕਿਰਿਆਤਮਕ ਰੂਪ ਵਿਚ ਵੱਖ ਵੱਖ ਰਿਕਾਰਡਿੰਗ ਕੰਪਨੀਆਂ ਦੁਆਰਾ ਆਪ ਜੀ ਦੀ 38 ਘੰਟਿਆਂ ਦੀ ਕੀਰਤਨ ਰਿਕਾਰਡਿੰਗ ਰਿਲੀਜ਼ ਕੀਤੀ ਗਈ ਹੈ। ਦੇਸ਼ ਵਿਦੇਸ਼ ਦੀਆਂ ਅਨੇਕ ਸੰਸਥਾਵਾਂ ਨੇ ਆਪ ਨੂੰ ਵਿਸ਼ੇਸ਼ ਐਵਾਰਡ ਨਾਲ ਪੁਰਸਕ੍ਰਿਤ ਕੀਤਾ ਹੈ ਜਿਨ੍ਹਾਂ ਵਿਚੋਂ 1980 ਵਿਚ ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ ਦੁਆਰਾ 'ਕੀਰਤਨ ਖੋਜ ਪੁਰਸਕਾਰ', 1982 ਵਿਚ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੁਆਰਾ 'ਪ੍ਰਮੁੱਖ ਰਾਗੀ ਐਵਾਰਡ', 1983 ਵਿਚ ਇੰਡੀਅਨ ਕੌਂਸਿਲ ਆਫ ਸਿੱਖ ਅਫ਼ੇਅਰਜ਼ ਦੁਆਰਾ 'ਗੁਰਮਤਿ ਸੰਗੀਤ ਸਨਮਾਨ', 1984 ਵਿਚ ਪੰਜਾਬ ਸਰਕਾਰ ਦੁਆਰਾ 'ਪਹਿਲਾ ਸ਼੍ਰੋਮਣੀ ਰਾਗੀ ਪੁਰਸਕਾਰ', 1992 ਵਿਚ ਵਿਸਮਾਦ ਨਾਦ ਦੁਆਰਾ 'ਪੁਰਾਤਨ ਕੀਰਤਨੀਆ ਐਵਾਰਡ' ਅਤੇ 2004 ਵਿਚ ਪੰਜਾਬੀ ਸੰਗੀਤ ਨਾਟਕ ਅਕੈਡਮੀ, ਚੰਡੀਗੜ੍ਹ ਦੁਆਰਾ 'ਸੰਗੀਤ ਪੁਰਸਕਾਰ' ਵਿਸ਼ੇਸ਼ ਹਨ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਸੰਗੀਤ ਵਿਭਾਗ ਦੇ ਅਕਾਦਮਿਕ ਕਾਰਜਾਂ ਵਿਚ ਆਪ ਜੀ, ਪ੍ਰੰਪਰਾਗਤ ਟਕਸਾਲੀ ਕੀਰਤਨੀਏ ਹੋਣ ਦੇ ਨਾਤੇ ਵਿਸ਼ੇਸ਼ਗ ਵਜੋਂ ਭੂਮਿਕਾ ਨਿਭਾ ਰਹੇ ਹਨ।

ਭਾਈ ਅਵਤਾਰ ਸਿੰਘ ਗੁਰਮਤਿ ਸੰਗੀਤ ਦੀਆਂ ਆਗਾਮੀ ਪੀੜ੍ਹੀਆਂ ਵਾਸਤੇ ਪ੍ਰੇਰਣਾ ਸਰੋਤ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਆਪ ਜੀ ਦੇ ਨਿਰੰਤਰ ਕੀਰਤਨ ਪ੍ਰਵਾਹ ਦੀ ਸ਼ੁਭ ਕਾਮਨਾ ਸਹਿਤ, 'ਗੁਰਮਤਿ ਸੰਗੀਤ ਚੇਅਰ ਵਿਚ ਫੈਲੋਸ਼ਿਪ' ਪ੍ਰਦਾਨ ਕਰਦਿਆ ਵਿਸ਼ੇਸ਼ ਗੌਰਵ ਮਹਿਸੂਸ ਕਰਦੀ ਹੈ।

*ਡਾ. ਗੁਰਨਾਮ ਸਿੰਘ*
ਮੁਖੀ, ਗੁਰਮਤਿ ਸੰਗੀਤ ਚੇਅਰ
ਅਤੇ ਗੁਰਮਤਿ ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ , ਪਟਿਆਲਾ

*ਸਵਰਨ ਸਿੰਘ ਬੋਪਾਰਾਏ*
ਕੀਰਤੀ ਚੱਕਰ, ਪਦਮਸ੍ਰੀ ਐਵਾਰਡੀ
ਵਾਈਸ ਚਾਂਸਲਰ
ਪੰਜਾਬੀ ਯੂਨੀਵਰਸਿਟੀ , ਪਟਿਆਲਾ

# ਵਿਸ਼ਵ ਸੰਗੀਤਕਾਰ

## ਡੂਰੈਂਟੇ, ਫਰਾਂਨਸੈਸਕੋ

ਇਟਲੀ ਦੇ ਇਸ ਸੰਗੀਤਕਾਰ ਦਾ ਜਨਮ 31 ਮਾਰਚ, 1684 ਨੂੰ ਨੇਪਲਜ਼ ਵਿਖੇ ਹੋਇਆ। ਇਸ ਨੇ ਰੋਮ ਅਤੇ ਸ਼ਾਇਦ ਨੇਪਲਜ਼ ਵਿਖੇ ਸਿੱਖਿਆ ਪ੍ਰਾਪਤ ਕੀਤੀ।

ਇਸ ਨੇ ਕਈ ਵੱਖ ਵੱਖ ਸੰਗੀਤ-ਵਿੱਦਿਆਲਿਆਂ ਵਿਖੇ ਸਿੱਖਿਆ ਦਿੱਤੀ। ਸੰਨ 1745 ਵਿਚ ਇਹ ਐਲ. ਲੀਓ ਤੋਂ ਬਾਅਦ ਸਾਨ ਓਨੋਫ੍ਰੀਓ ਵਿਖੇ ਮੁੱਖ ਅਧਿਆਪਕ ਲੱਗਿਆ।

ਇਸ ਦੀਆਂ ਸੰਗੀਤਕ ਰਚਨਾਵਾਂ ਵਿਚ ਭਜਨ, ਗੀਤ, ਮਰਸੀਏ ਲਈ ਸੰਗੀਤ ਅਤੇ ਤਾਰਾਂ ਵਾਲੇ ਸਾਜ਼ਾਂ ਲਈ ਸੰਗੀਤ ਸ਼ਾਮਲ ਹੈ।

13 ਅਗਸਤ, 1755 ਨੂੰ ਨੇਪਲਜ਼ ਵਿਖੇ ਇਸ ਦੀ ਮੌਤ ਹੋ ਗਈ।

## ਡੈਸਟਿਨ, ਐਮੀ

ਚੈਕੋਸਲੋਵਾਕੀਆ (ਅਜੋਕਾ ਚੈਕ ਗਣਰਾਜ) ਦੀ ਇਸ ਗਾਇਕਾ ਦਾ ਜਨਮ 26 ਫਰਵਰੀ 1878 ਨੂੰ ਪਰਾਗ ਵਿਖੇ ਹੋਇਆ। ਇਸ ਦਾ ਨਾਂ ਐਮਾ ਕਿੱਟਲ ਵੀ ਸੀ। ਇਹ ਆਪਣੀ ਭਰਵੀਂ ਆਵਾਜ਼ ਅਤੇ ਨਾਟਕੀ ਦਾਤਾਂ ਕਾਰਨ ਬਹੁਤ ਪ੍ਰਸਿੱਧ ਹੋਈ। ਬਰਲਿਨ ਵਿਖੇ 1898 ਈ. ਵਿਚ 'ਕੈਵੇਲੈਰੀਆ ਰਸਟਿਕੇਨ' ਨਾਟਕ ਵਿਚ 'ਸੰਤੁਜ਼ਜ਼ਾ' ਦਾ ਪਾਰਟ ਅਦਾ ਕਰਕੇ ਇਸ ਨੇ ਨਾਟਕੀ ਜੀਵਨ ਵਿਚ ਪ੍ਰਵੇਸ਼ ਕੀਤਾ। ਸੰਨ 1904 ਵਿਚ ਇਸ ਨੇ ਕੋਵੈਂਟ ਗਾਰਡਨ ਲੰਡਨ ਵਿਖੇ ਮੋਜ਼ਾਰਤ ਦੇ ਨਾਟਕ 'ਡਾੱਨ ਜੋਵਾੱਨੀ' ਵਿਚ ਡੋਨਾ ਐੱਨਾ ਦਾ ਪਾਰਟ ਅਦਾ ਕਰਦੇ ਹੋਏ ਪਹਿਲੀ ਵਾਰੀ ਗਾਣਾ ਗਾਇਆ। ਸੰਨ 1908 ਵਿਚ ਇਸ ਨੇ 'ਵਰਦੀ' ਦੇ ਸੰਗੀਤ ਨਾਟ ਵਿਚ ਕੰਮ ਕਰਦਿਆਂ ਬਹੁਤ ਹੀ ਜ਼ਿਆਦਾ ਕਾਮਯਾਬੀ ਹਾਸਲ ਕੀਤੀ। ਉਸ ਤੋਂ ਮਗਰੋਂ ਇਸਨੇ ਅਨੇਕਾਂ ਵਾਰੀ ਗਾਇਆ ਅਤੇ ਪ੍ਰਸਿੱਧੀ ਹਾਸਲ ਕੀਤੀ।

28 ਜਨਵਰੀ, 1930 ਨੂੰ ਚੈਕੋਸਲੋਵਾਕੀਆ ਵਿਚ ਬੁਡਾਯੋਵਟਸੇ ਦੇ ਸਥਾਨ ਤੇ ਇਸ ਦੀ ਮੌਤ ਹੋ ਗਈ।

## ਡੈਕੂਇਨ, ਲੂਈ-ਕਲਾੱਡ

ਇਸ ਫਰਾਂਸੀਸੀ ਆਰੱਗਨ ਵਾਦਕ ਅਤੇ ਸੰਗੀਤਕਾਰ ਦਾ ਜਨਮ 4 ਜੁਲਾਈ, 1694 ਨੂੰ ਪੈਰਿਸ ਵਿਖੇ ਹੋਇਆ। ਇਹ ਇਕ ਅਸਧਾਰਨ ਪ੍ਰਤਿਭਾ ਵਾਲਾ ਬੱਚਾ ਸੀ ਜਿਸਨੇ 6 ਸਾਲ ਦੀ ਉਮਰ ਵਿਚ ਹੀ ਲੂਈ 14ਵੇਂ ਦੇ ਸਨਮੁੱਖ ਪ੍ਰੋਗਰਾਮ ਦਿੱਤਾ। 12 ਸਾਲ ਦੀ ਉਮਰ ਵਿਚ ਇਹ ਪੇਸ਼ਾਵਰ ਆਰੱਗਨ ਵਾਦਕ ਬਣ ਗਿਆ ਅਤੇ ਕਈ ਨੌਕਰੀਆਂ ਤੋਂ ਬਾਅਦ 1739 ਈ. ਵਿਚ ਸ਼ਾਹੀ ਗਿਰਜੇ ਦਾ ਆਰੱਗਨ ਵਾਦਕ ਨਿਯੁਕਤ ਹੋਇਆ। ਇਸ ਵੱਲੋਂ ਪ੍ਰਕਾਸ਼ਿਤ ਪੁਸਤਕ 'ਫ਼ਸਟ ਬੁੱਕ ਆਫ਼ ਪੀਸਿਜ਼ ਫ਼ਾਰ ਦੀ ਹਾਰਪਸੀਕਾੱਰਡ' (1735) ਵਿਚ ਇਸਦੀ ਪ੍ਰਮੁੱਖ ਰਚਨਾ ਸ਼ਾਮਲ ਹੈ। ਇਸ ਨੇ ਨਗਮਿਆਂ ਦੀ ਵੀ ਇਕ ਪੁਸਤਕ ਪ੍ਰਕਾਸ਼ਿਤ ਕਰਵਾਈ।

15 ਜੂਨ, 1772 ਨੂੰ ਪੈਰਿਸ ਵਿਖੇ ਇਸਦੀ ਮੌਤ ਹੋ ਗਈ।

## ਡੈਲੋ, ਜ਼ੋਇਓ ਨਾਰਮਨ

ਸੰਯੁਕਤ ਰਾਜ ਅਮਰੀਕਾ ਦੇ ਨਵ-ਕਲਾਸਿਕੀ ਸ਼ੈਲੀ ਦੇ ਇਸ ਸੰਗੀਤਕਾਰ ਦਾ ਜਨਮ 24 ਜਨਵਰੀ, 1913 ਈ. ਨੂੰ ਨਿਊਯਾਰਕ ਸ਼ਹਿਰ ਵਿਖੇ ਹੋਇਆ। ਸੰਗੀਤਕਾਰ ਦੇ ਪਰਿਵਾਰ ਵਿਚੋਂ ਹੋਣ ਕਾਰਨ ਇਸ ਨੇ ਆਪਣੇ ਪਿਤਾ ਤੋਂ ਆਰਗਨ ਵਾਦਕ ਦੀ ਸਿੱਖਿਆ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਇਸ ਨੇ ਕਈ ਹੋਰ ਵੱਖ ਵੱਖ ਥਾਵਾਂ ਤੋਂ ਵੀ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ। ਇਹ ਆਪਣੇ ਸਮੂਹਗਾਨ ਦੇ ਸੰਗੀਤ ਕਾਰਨ ਬਹੁਤ ਪ੍ਰਸਿੱਧ ਹੋਇਆ। ਸੰਨ 1957 ਵਿਚ ਇਸ ਨੂੰ ਸੰਗੀਤ ਦਾ 'ਪੁਲਿਤਸਰ ਪ੍ਰਾਈਜ਼' ਮਿਲਿਆ। ਇਸ ਨੇ ਕਈ ਸੰਗੀਤ-ਨਾਟ ਵੀ ਲਿਖੇ । ਇਸ ਦੀ ਸੰਗੀਤ-ਰਚਨਾ ਵਿਸ਼ੇਸ਼ ਕਰਕੇ ਆਰੱਗਨ ਅਤੇ ਤਾਰਾਂ ਵਾਲੇ ਸਾਜ਼ਾਂ ਨਾਲ ਸਬੰਧਿਤ ਸੀ। ਇਸ ਤੋਂ ਇਲਾਵਾ ਇਸ ਨੇ ਚੈਂਬਰ ਸੰਗੀਤ ਅਤੇ ਬੈਲੇ ਸੰਗੀਤ ਵੀ ਰਚਿਆ।

*'ਪੰਜਾਬੀ ਵਿਸ਼ਵਕੋਸ਼' ਤੋਂ ਧੰਨਵਾਦ ਸਹਿਤ*

# ਸੁਰ ਲਿਪੀ

ਹਰਦੀਪ ਕੌਰ

ਰਾਗ ਗੂਜਰੀ ਭਗਤੀ ਰਸ ਅਤੇ ਕਰੁਣਾ ਰਸ ਨਾਲ ਭਰਪੂਰ ਰਾਗ ਹੈ। ਇਹ ਰਾਗ ਟੋਡੀ ਨਾਲ ਮੇਲ ਖਾਂਦਾ ਹੈ। ਇਸ ਦੇ ਆਰੋਹ, ਅਵਰੋਹ ਵਿਚ ਛੇ ਸੁਰਾਂ ਦੀ ਵਰਤੋਂ ਹੋਣ ਕਾਰਨ ਇਸ ਦੀ ਜਾਤੀ ਸ਼ਾਡਵ-ਸ਼ਾਡਵ ਹੈ। ਪੰਚਮ ਵਰਜਿਤ ਹੈ। ਕੋਮਲ ਧੈਵਤ ਵਾਦੀ ਅਤੇ ਕੋਮਲ ਰਿਸ਼ਭ ਸੰਵਾਦੀ ਹੈ। ਰਿਸ਼ਭ, ਗੰਧਾਰ, ਧੈਵਤ ਕੋਮਲ, ਮੱਧਮ ਤੀਵਰ, ਨਿਸ਼ਾਦ ਸ਼ੁੱਧ ਹੈ। ਗਾਉਣ ਦਾ ਵੇਲਾ ਦਿਨ ਦਾ ਦੂਸਰਾ ਪਹਿਰ ਹੈ। ਕੁਝ ਵਿਦਵਾਨਾਂ ਅਨੁਸਾਰ 'ਰੁ ਗੁ, ਰੁ ਗੁ, ਰੁ ਸ' ਸੁਰਾਵਲੀ ਤੋਂ ਹੀ ਰਾਗ ਦਾ ਪੂਰਨ ਸਰੂਪ ਸਥਾਪਿਤ ਹੋ ਜਾਂਦਾ ਹੈ। ਰਾਗ ਦੇ ਅਧਾਰ ਸਤੰਭ ਪੂਰਵਾਂਗ ਵਿਚ ਰਿਸ਼ਭ, ਗੰਧਾਰ ਅਤੇ ਉਤ੍ਰਾਂਗ ਵਿਚ ਧੈਵਤ, ਨਿਸ਼ਾਦ ਹਨ। ਰਾਗ ਦੇ ਸੁਰ ਵਿਸਥਾਰ ਕਰਨ ਸਮੇਂ ਰਿਸ਼ਭ, ਗੰਧਾਰ, ਧੈਵਤ ਅਤੇ ਤਾਰ ਸ਼ੜਜ ਉਤੇ ਵਿਸ਼ੇਸ਼ ਨਿਆਸ ਕੀਤਾ ਜਾਂਦਾ ਹੈ।

**ਥਾਟ** - ਟੋਡੀ ('ਰੁ', 'ਗੁ', 'ਧੁ' ਕੋਮਲ ਅਤੇ ਮ̍ ਤੀਵਰ)
**ਜਾਤੀ** - ਸ਼ਾਡਵ-ਸ਼ਾਡਵ ('ਪ' ਵਰਜਿਤ)
**ਸਮਾਂ** - ਦਿਨ ਦਾ ਦੂਸਰਾ ਪਹਿਰ
**ਵਾਦੀ** - ਧੁ **ਸੰਵਾਦੀ** - ਰੁ
**ਆਰੋਹ** - ਸ ਰੁ ਗੁ ਮ̍ ਧੁ ਨ ਸਂ।
**ਅਵਰੋਹ** - ਸਂ ਨ ਧੁ ਮ̍ ਗੁ ਰੁ, ਗੁ ਰੁ ਸ।
**ਮੁੱਖ ਅੰਗ** - ਸ ਧੁ, ਮ̍ ਧੁ ਨ ਸਂ, ਨ ਧੁ ਮ̍ ਗੁ ਰੁ, ਗੁ ਰੁ ਸ।

ਤਾਲ ਦਾਦਰਾ

| 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|
| X | | | 0 | | | X | | | 0 | | |
| ਸਥਾਈ | | | | | | | | | | | |
| ਗੁ | ਮ̍ | ਧੁ | ਮ̍ | ਗੁ | ਗੁ | ਰੁ | ਗੁ | ਰੁਗੁ | ਰੁ | ਸ | ਸ |
| ਪੂ | ਜਾ | ऽ | ਕੀ | ਚੈ | ऽ | ਨਾ | ਮੁ | ਧਿऽ | ਆਈ | ਐ | ऽ(ਬਿਨੁ) |
| G | M̍ | D | M̍ | G | G | R | G | RG | R | S | S |
| *POO* | *JAA* | - | *KEE* | *CHAI* | - | *NAA* | *M* | *DHI-* | *AAEE* | *AI* | *S(BIN)* |
| ਧੁ਼ | ਧੁ਼ | ਧੁ਼ | ਸ | ਸ | ਸ | ਰੁ | ਗੁ | ਰੁਗੁ | ਰੁ | ਸ | ਸ |
| ਨਾ | ऽ | ਵੈ | ਪੂ | ਜ | ਨ | ਹੋ | ऽ | ऽऽ | ਇ | ऽ | ऽ(ਤੇਰਾ) |
| Ḍ | Ḍ | Ḍ | S | S | S | R | G | RG | R | S | S |
| *NAA* | - | *VAI* | *POO* | *J* | *NA* | *HO* | - | -- | *AY* | - | *(TAYRAA)* |

| 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|
| X | | | 0 | | | X | | | 0 | | |
| ਅੰਤਰਾ | | | | | | | | | | | |
| ਮ̍ | ਮ̍ | ਮ̍ | ਧੁ | ਧੁ | ਧੁ | ਸਂ | ਸਂ | ਸਂ | ਨ | ਰੁਂ | ਸਂ |
| ਨਾ | ਮੁ | ਕ | ਗੀ | ਚ | ਨ | ਣਾ | ऽ | ਥੀ | ਆ | ऽ | ऽ |
| ਕ | ਰ | ਣੀ | ਕੁੰ | ऽ | ਗੁ | ਜੇ | ऽ | ਰ | ਲੈ | ऽ | ऽ(ਘਟ) |
| M̍ | M̍ | M̍ | D̲ | D̲ | D̲ | Ṡ | Ṡ | Ṡ | N | Ṙ̲ | Ṡ |
| NA | AM | KA | REE | CHA | N | NAA- | | THEE | AA | - | - |
| KA | R | NEE | KUN | - | GOO | JAY | - | RA | LAI | --(GHAT) | |
| ਰੁਂ | ਰੁਂ | ਗੁਂ | ਰੁਂ | ਸਂ | ਸਂ | ਨ | ਰੁਂ | ਨ | ਧੁ | ਧੁ | ਧੁ |
| ਜੇ | ਮ | ਨੁ | ਉ | ਰ | ਸਾ | ਹੋ | ऽ | ऽ | ਇ | ऽ | ऽ |
| ਅੰ | ਤ | ਰਿ | ਪੂ | ਜਾ | ऽ | ਹੋ | ऽ | ऽ | ਇ | ऽ | ऽ(ਘਟ) |
| R̲ | R̲ | G̲ | R̲ | S | S | N | R̲ | N | D̲ | D̲ | D̲ |
| JAY | MA | N | U | R | SAA | HO | - | - | AY | - | - |
| AN | TA | R | POO | JAA | - | HO | - | - | AY | --(GHAT) | |
| ਮ | ਧੁ | ਧੁ | ਮ̍ | ਗੁ | ਗੁ | ਰੁ | ਗੁ | ਰੁਗੁ | ਰੁ | ਸ | ਸ |
| ਅੰ | ਤ | ਰਿ | ਪੂ | ਜਾ | ऽ | ਹੋ | ऽ | ऽऽ | ऽ | ਇ | ऽ |
| M | D̲ | D̲ | M̍ | G̲ | G̲ | R̲ | G̲ | R̲G̲ | R̲ | S | S |
| AN | TA | R | POO | JAA | - | HO | - | -- | AY | - | - |

ਪੁਸਤਕ 'ਨਮੋ ਗੀਤ ਗੀਤੇ' ਵਿਚੋਂ ਧੰਨਵਾਦ ਸਹਿਤ

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਹਰਦੀਪ ਕੌਰ

*ਰਾਗੁ ਗੂਜਰੀ ਮਹਲਾ ੧ ਚਉਪਦੇ ਘਰੁ ੧ ॥*

**Raag Gujri Mehlaa 1 Chaupday Ghar**

ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥
ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥

I would make Your Name the sandalwood, and my mind the stone to rub it on; for saffron, I would offer good deeds; thus, I perform worship and adoration within my heart. ||1||

(ਹੇ ਪ੍ਰਭੂ !) ਜੇ ਮੈਂ ਤੇਰੇ ਨਾਮ (ਦੀ ਯਾਦ) ਨੂੰ ਚੰਦਨ ਦੀ ਲੱਕੜੀ ਬਣਾ ਲਵਾਂ, ਜੇ ਮੇਰਾ ਮਨ (ਉਸ ਚੰਦਨ ਦੀ ਲੱਕੜੀ ਨੂੰ ਘਸਾਣ ਵਾਸਤੇ) ਸਿਲ ਬਣ ਜਾਏ, ਜੇ ਮੇਰਾ ਉੱਚਾ ਆਚਰਨ (ਇਨ੍ਹਾਂ ਦੇ ਨਾਲ ) ਕੇਸਰ (ਬਣ ਕੇ) ਰਲ ਜਾਏ , ਤਾਂ ਤੇਰੀ ਪੂਜਾ ਮੇਰੇ ਹਿਰਦੇ ਦੇ ਅੰਦਰ ਹੀ ਪਈ ਹੋਵੇਗੀ ।੧।

ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥੧॥

Perform worship and adoration by meditating on the Naam, the Name of the Lord; without the Name there is no worship and doration. ||1||

(ਹੇ ਭਾਈ !) ਪਰਮਾਤਮਾ ਦਾ ਨਾਮ ਸਿਮਰਨਾ ਚਾਹੀਦਾ ਹੈ, ਇਹੀ ਪੂਜਾ ਕਰਨੀ ਚਾਹੀਦੀ ਹੈ।
ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾਂ ਹੋਰ ਕੋਈ ਪੂਜਾ (ਐਸੀ) ਨਹੀਂ (ਜੋ ਪਰਵਾਨ ਹੋ ਸਕੇ)।੧।।

ਰਹਾਉ ॥

Pause.

ਰਹਾਉ।

ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥
ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥੨॥

If one were to wash his heart inwardly, like the stone idol which is washed on the outside, his filth would be removed, his soul would be cleansed, and he would be liberated when he departs. ||2||

ਜਿਵੇਂ ਬਾਹਰ ਦੇਵ ਮੂਰਤੀਆਂ ਦੇ ਇਸ਼ਨਾਨ ਕਰਾਈਦੇ ਹਨ, ਤਿਵੇਂ ਜੇ ਕੋਈ ਮਨੁੱਖ ਆਪਣੇ ਮਨ ਨੂੰ (ਨਾਮ ਸਿਮਰਨ ਨਾਲ) ਧੋਵੇ, ਤਾਂ ਉਸ ਦੇ ਮਨ ਦੀ ਵਿਕਾਰਾਂ ਦੀ ਮੈਲ ਲਹਿ ਜਾਂਦੀ ਹੈ, ਉਸ ਦੀ ਜਿੰਦ ਸ਼ੁੱਧ-ਪਵਿਤ੍ਰ ਹੋ ਜਾਂਦੀ ਹੈ, ਉਸ ਦਾ ਜੀਵਨ-ਸਫ਼ਰ ਵਿਕਾਰਾਂ ਤੋਂ ਆਜ਼ਾਦ ਹੋ ਜਾਂਦਾ ਹੈ ।੨॥

ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤ ਦੇਹਿ ॥ ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥੩॥

Even beasts have value, as they eat grass and give milk. Without the Naam, the mortal's life is cursed, as are the actions he performs. ||3||

(ਇਸ ਧਰਤੀ ਉਤੇ ਮਨੁੱਖ, ਪਸ਼ੂ ਪੰਛੀ ਆਦਿਕ ਸਭ ਦਾ ਸਿਰਦਾਰ ਮੰਨਿਆ ਜਾਂਦਾ ਹੈ, ਪਰ) ਪਸ਼ੂਆਂ ਨੂੰ ਸ਼ਾਬਾਸ਼ੇ ਮਿਲਦੀਆਂ ਹਨ, ਉਹ ਘਾਹ ਖਾਂਦੇ ਹਨ ਤੇ (ਦੁੱਧ ਵਰਗਾ) ਉੱਤਮ ਪਦਾਰਥ ਦੇਂਦੇ ਹਨ। ਨਾਮ ਤੋਂ ਸੱਖਣੇ ਮਨੁੱਖਾਂ ਦਾ ਜੀਵਨ ਫਿਟਕਾਰ-ਜੋਗ ਹੈ ਕਿਉਂਕਿ ਉਹ (ਨਾਮ ਵਿਸਾਰ ਕੇ ਹੋਰ ਹੋਰ) ਕੰਮ ਹੀ ਕਰਦੇ ਹਨ।੩।

ਨੇੜਾ ਹੈ ਦੂਰਿ ਨ ਜਾਣਿਆਹੁ ਨਿਤ ਸਾਰੇ ਸੰਮ੍ਾਲੇ ॥
ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ ॥੪॥੧॥
(ਪੰਨਾ 489)

The Lord is here at hand - do not think that He is far away. He always cherishes us, and remembers us. Whatever He gives us, we eat, says Nanak, He is the True Lord. ||4||
(Pg 489)

ਹੇ ਨਾਨਕ !(ਆਖ .... ਏ ਭਾਈ !) ਸਾਡੀ ਤੇ ਪ੍ਰਭੂ ਦੀ ਬੜੀ ਨੇੜੇ ਦੀ ਸਾਂਝ ਹੈ (ਇਤਨੀ ਨੇੜੇ ਦੀ ਕਿ) ਜੋ ਕੁਝ ਉਹ ਸਾਨੂੰ ਦੇਂਦਾ ਹੈ ਉਹ ਅਸੀਂ ਖਾਂਦੇ ਹਾਂ (ਖਾ ਕੇ ਜੀਵਨ ਨਿਰਬਾਹ ਕਰਦੇ ਹਾਂ), ਉਹ (ਦਾਤਾ) ਹੈ ਭੀ ਸਦਾ (ਸਾਡੇ ਸਿਰ ਉਤੇ)ਕਾਇਮ। ਉਸ ਨੂੰ ਆਪਣੇ ਤੋਂ ਦੂਰ ਨਾਹ ਸਮਝੋ, ਉਹ ਸਦਾ ਸਾਡੀ ਸਾਰ ਲੈਂਦਾ ਹੈ ਸੰਭਾਲ ਕਰਦਾ ਹੈ (ਮੂਰਤੀਆਂ ਦੀ ਪੂਜਾ ਕਰਨ ਦੇ ਥਾਂ ਉਸ ਹਾਜ਼ਰ ਨਾਜ਼ਰ ਪ੍ਰਭੂ ਦਾ ਨਾਮ ਧਿਆਵੋ) ੪ ।੧।

*ਪੁਸਤਕ 'ਨਮੋ ਗੀਤ ਗੀਤੇ' ਵਿਚੋਂ ਧੰਨਵਾਦ ਸਹਿਤ*

# ਸੰਗੀਤ ਲਿਪੀ ਚਿੰਨ੍ਹ

| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉੱਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ। |
| ਧੁ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ; ਪਰ ਕੋਮਲ ਮਧਿਅਮ ਉੱਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਸੁਰ ਨੰ: 2,4,9,11 ਕੋਮਲ ਸੁਰ ਹਨ। |
| ਮੰ | ਇਹ ਤੀਬਰ ਮਧਿਅਮ ਹੈ। ਸੁਰ ਨੰ: 7 ਤੀਬਰ ਮਧਿਅਮ ਹੈ। |
| ਪ਼/ਧ਼ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ। |
| ਸਂ/ਪਂ | ਜਿਨ੍ਹਾਂ ਸੁਰਾਂ ਦੇ ਉੱਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ। |
| ਪ – | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (–) ਹਨ ਉਸ ਨੂੰ ਉਤਨੀਆਂ ਮਾਤਰਾਂ ਤੱਕ ਗਾਉਣਾ ਹੈ। |
| ਸ਼ਾਂ ऽ | ਜਿਸ ਅੱਖਰ ਅੱਗੇ ਜਿੰਨੇ ऽ ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ। |
| ਧਂਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ। |
| ਮ ਪ | ਜਿਹੜਾ ਸੁਰ ਕਿਸੇ ਸੁਰ ਦੇ ਉੱਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ। |

**X O 1 2 3  X ਸਮ, 0 ਖਾਲੀ ਅਤੇ 1–2–3 ਤਾਲੀਆਂ ਦੇ ਚਿੰਨ੍ਹ ਹਨ।**

